ISSN 0972-2335

# ਅੰਮ੍ਰਿਤ ਕੀਰਤਨ

## ਜੁਲਾਈ 2020




*Picture with thanks from: https://www.etsy.com/sg-en/listing/727436542/sikh-gurbani-babiha-amrit-vele-boleya*

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥

**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



### ਕਤੇਂ (ਕੱਤਕ)

ਕੱਤੇਂ ਕੇਤਕ ਕਰਾਂ ਉਡੀਕਾਂ
ਹੋਰ ਨ ਜਰਿਆ ਜਾਂਦਾ ਈ।
ਪਿੰਜਰ ਸੁੱਕ 'ਕੇ ਹੋਇਆ ਤੀਲਾ
ਖਾਣਾ ਮੂਲ ਨ ਭਾਂਦਾ ਈ।
ਹਿਜਰ ਤੇਰੇ ਦੀ ਅੱਗ ਦਾ ਲੰਬੂ
ਰਾਤ ਦਿਨੇ ਤੜਪਾਂਦਾ ਈ।
ਮੈਂ ਸੁਣਿਆ ਤੂੰ ਪ੍ਰੀਤਮ ਪਿਆਰਾ
ਸਭਨਾ ਨੂੰ ਹੀ ਭਾਂਦਾ ਈ।
ਜੇ ਕੋਈ ਜਾਂਦਾ ਰਤੀ ਪਰੇਰੇ
ਬਹੁੜ ਗਲੇ ਨੂੰ ਲਾਂਦਾ ਈ।
ਪਾ ਦੀਦਾਰ ਮਸਤੀ ਵਿੱਚ ਆ 'ਕੇ
ਹੋਰ ਨ ਕਿਧਰੇ ਜਾਂਦਾ ਈ।
ਦਰਸ਼ਨ ਤਾਂਘ ਮੰਨ ਬਿਹਬਲ ਹੋਇਆ
ਉੱਕਾ ਨਾ ਸ਼ਰਮਾਂਦਾ ਈ।
ਸੰਤੋਖ ਸਿੰਘ ਹੁਣ ਆ ਜਾਉ ਜਾਨੀ
ਹੱਥ ਬੰਨ੍ਹ ਪਿਆ ਬੁਲਾਂਦਾ ਈ।

### कतें (कत्तक)

कत्तें केतक करां उडीकां
होर न जर्या जांदा ई।
पिंजर सुक्क के होया तीला
खाना मूल न भांदा ई।
हिजर तेरे दी अग्ग दा लम्बू
रात दिने तड़पांदा ई।
मैं सुण्या तूं प्रीतम प्यारा
सभना नूं ही भांदा ई।
जे कोयी जांदा रति परेरे
बहुड़ गले नूं लांदा ई।
पा दीदार मस्ती विच्च आ के
होर न किधरे जांदा ई।
दर्शन तांघ मनन बेहबल होया
उक्का ना शरमांदा ई।
संतोख सिंह हून आ जाऊ जानी
हत्थ बन्न्ह प्या बुलांदा ई।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

## ਇਸ ਅੰਕ ਵਿਚ

**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ),
ਪੀਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**

➢ **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

➢ **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

**ਚੰਦੇ ਦਾ ਵੇਰਵਾ**

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com

Website: http://www.amritkirtan.com

**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

| | |
|---|---|
| ਕੱਤਕ - **ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ** | ਟਾ-2 |
| **ਮਿਤ੍ਰੂ ਅਸਾਡੜੇ ਸੇਈ** | 2 |
| **ਸੰਪਾਦਕੀ: ਕਰਉ ਬੇਨੰਤੀਆ: ਆਓ ਥੋੜਾ ਰੋ ਲਈਏ** | 4 |
| **ਗੁਰਮਤਿ ਸੰਗੀਤ ਵਿਚ ਰਾਗ ਮਲਾਰ – ਡਾ: ਗੁਰਨਾਮ ਸਿੰਘ** | 6 |
| **ਕਿਵ ਹੋਵੇ ਕੀਰਤਨ ਰਸਮੀ ਤੋਂ ਰਸਮਈ... ਕਿਰਤ ਤੋਂ ਕੀਰਤੀ... – ਰੇਣੂਕਾ ਸਰਬਜੀਤ ਸਿੰਘ** | 8 |
| **ਕਿਰਤਿ ਕਰਮ ਕੇ ਵੀਛੁੜੇ – Bably S. Singh** | 12 |
| **संगीत और गणित- डा. सरबजीत सिंह** | 14 |
| **ਪੰਜਾਬ ਦਾ ਅਹਿਮ ਅਵਨੱਧ ਸਾਜ਼ – ਉਖਲੀ ਧਾਮਾਂ – ਪ੍ਰੋ. ਹਰਭਜਨ ਸਿੰਘ ਧਾਰੀਵਾਲ** | 15 |
| **ਸਾਵਣੁ** | 17 |
| **ਸੁਰਲਿਪੀ ਰਾਗ ਜੈਤਸਰੀ (ਝੱਪ ਤਾਲ) – ਗੁਰਬਖ਼ਸ਼ ਸਿੰਘ** | 19 |
| **ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ** | ਟਾ-3 |

## ✉ ਮਿਤ੍ਰ ਅਸਾਡੜੇ ਸੇਈ

"ਦੇਖ ਕੇ ਅਣਡਿੱਠ ਕਰਨਾ": ਦਰ-ਅਸਲ ਨਿਆਂ ਸਭ ਤੋਂ ਹੇਠਲੀ ਅਵਸਥਾ ਹੈ, ਜੋ ਦੋਸ਼ੀ ਨੂੰ ਦੰਡ ਦੇ ਕੇ ਹੀ ਸੰਤੁਸ਼ਟ ਹੁੰਦੀ ਹੈ।ਇਸ ਤੋਂ ਉਪਰਲੀ ਅਵਸਥਾ ਕਰੁਣਾ-ਨਿਆਂ ਦੀ ਹੈ,ਜੋ ਦੰਡ ਦੇਂਦਿਆਂ ਤਰਸ ਖਾਂਦਾ ਹੈ।ਇਸ ਤੋਂ ਉਪਰ ਖਿਮਾ ਹੈ,ਤੇ ਖਿਮਾ ਤੋਂ ਉਪਰ ਖਿਮਾ ਦੇ ਨਾਲ ਚਿੱਤ-ਨ ਰੱਖਣ ਦੀ ਅਵਸਥਾ ਹੈ- ਜਿਵੇਂ ਮਾਂ ਨ ਕੇਵਲ ਆਪਣੇ ਬੱਚਿਆਂ ਦੇ ਦੋਸ਼ ਮਾਫ਼ ਹੀ ਕਰ ਦੇਂਦੀ ਹੈ,ਉਹਨਾਂ ਨੂੰ ਚਿੱਤ ਵਿਚ ਵੀ ਨਹੀਂ ਰੱਖਦੀ । ਇਸ ਤੋਂ ਵੀ ਉੱਚੀ ਅਵਸਥਾ ਦੇਖ ਕੇ ਅਣਡਿੱਠ ਕਰਨ ਦੀ ਹੈ।ਇਸ ਤੋਂ ਹੇਠਲੀਆਂ ਸਭ ਅਵਸਥਾਵਾਂ ਹਲਤ-ਮੁਖੀ ਸਨ।ਏਹੋ ਇਕ ਪਲਤ-ਮੁਖੀ ਅਵਸਥਾ ਹੈ, ਜਿਸ ਵਿਚ ਕਿਸੇ ਨੂੰ ਬੁਰਾ ਭਲਾ ਕਿਹਾ ਵੀ ਨਹੀਂ ਜਾਂਦਾ, ਚਿਤਵਿਆ ਵੀ ਨਹੀਂ ਜਾਂਦਾ।ਜਦ ਸਭੇ ਜੀ ਵਾਹਿਗੁਰੂ ਜੀ ਦੇ ਆਪਣੇ ਹੀ ਜੀ ਹਨ ,ਤਾਂ ਬੁਰਾ ਭਲਾ ਕਿਸ ਨੂੰ ਕਿਹਾ ਜਾ ਸਕਦਾ ਹੈ? ਵੇਖ ਕੇ ਅਣਡਿੱਠ ਕਰਨ ਦਾ ਆਦਰਸ਼ ਸਤਿਗੁਰਾਂ ਨੇ ਆਪਣੀ ਜਿੰਦਗੀ ਵਿਚ ਕਮਾ ਕੇ ਵਿਖਾਇਆ ਹੈ।

(ਡਾ:ਜਸਵੰਤ ਸਿੰਘ ਜੀ ਨੇਕੀ ਜੀ ਦੀ ਪੁਸਤਕ "ਅਰਦਾਸ-ਦਰਸ਼ਨ ਰੂਪ ਅਭਿਆਸ" ਵਿਚੋਂ)

ਦਾਸ ਨੂੰ ਵੀ ਜਸਵੰਤ ਸਿੰਘ ਨੇਕੀ ਜੀ ਦੀ ਇਹ ਪੁਸਤਕ ਪੜ੍ਹਨ ਦਾ ਲਾਭ ਪ੍ਰਾਪਤ ਹੋਇਆ ਸੀ। ਆਪਣੀ ਨਿੱਜੀ ਲਾਇਬਰੇਰੀ ਵਿਚ ਇਹ ਪੁਸਤਕ ਰੱਖੀ ਹੋਈ ਹੈ, ਅਤੇ ਸਾਨੂੰ ਸਾਰਿਆਂ ਨੂੰ ਇਸ ਪੁਸਤਕ ਨੂੰ ਸਤਿਕਾਰ ਸਹਿਤ ਪੜ੍ਹਨਾ ਚਾਹੀਦਾ ਹੈ। ਦਾਸ ਇਹ ਮਹਿਸੂਸ ਕਰਦਾ ਹੈ ਕਿ ਅਰਦਾਸ ਜੈਸੇ ਵਿਸ਼ੇ ਬਾਰੇ ਇਸ ਤੋਂ ਪਹਿਲਾਂ ਸ਼ਾਇਦ ਹੀ ਇਤਨੇ ਵਿਸਥਾਰ ਨਾਲ ਵਿਚਾਰਾਂ ਹੋਈਆਂ ਹੋਵਣ। ਅਸਲ ਵਿਚ ਡਾਕਟਰ ਸਾਹਿਬ ਨੇ ਸਾਰਾ ਸਿੱਖ ਇਤਿਹਾਸ ਹੀ ਨਾਲ ਨਾਲ ਦੁਹਰਾ ਦਿੱਤਾ ਹੈ।ਅਰਦਾਸ ਸਾਡਾ ਵਿਰਸਾ ਹੈ, ਸਾਡੀ ਜੀਵਨ ਜਾਚ ਹੈ। ਧੰਨਵਾਦ।

**Balwant Singh Seera, Mumbai**

ਬਹੁਤ ਹੀ ਖੂਬਸੂਰਤ ਢੰਗ ਨਾਲ ਆਪ ਜੀ ਨੇ ਮਹਾਨ ਸ਼ਖਸੀਅਤ ਡਾਕਟਰ ਜਸਵੰਤ ਸਿੰਘ ਜੀ ਨੇਕੀ ਜੀ ਦੇ ਸੰਦਰਭ ਵਿਚ ਅਰਦਾਸ ਦੇ ਇਸ ਮਹਤਵਪੂਰਣ ਪਖੱ ਦੀ ਪ੍ਰੋੜਤਾ ਕੀਤੀ ਹੈ।

**Paramjit Singh, Mohali**

ਤੁਸੀ ਲਿਖਦੇ ਤਾਂ ਦਹਾਕਿਆਂ ਤੋਂ ਹੋ ਪਰ ਆਨਲਾਈਨ ਵੀ ਮੈਟਰ ਆਉਣ ਨਾਲ ਪਾਠਕਾਂ ਨੂੰ ਲਾਭ ਹੁੰਦਾ ਹੈ ।

**Balwinderpal Singh , Chandigarh**

ਹਮੇਸ਼ਾ ਵਾਂਗ ਤੁਹਾਡੀ ਸੰਪਾਦਕੀ ਬਹੁਤ ਪ੍ਰੇਰਨਾਦਾਇਕ ਹੈ ।

**Swarnjit Mehta, Chandigarh**

ਅੰਮ੍ਰਿਤ ਕੀਰਤਨ ਦਾ ਸੰਪਾਦਕੀ ਕਾਲਮ 'ਕਰਉ ਬੇਨੰਤੀਆ' ਹਮੇਸ਼ਾ ਹੀ ਪ੍ਰਭਾਵਸ਼ਾਲੀ ਤੇ ਪ੍ਰੇਰਨਾਦਾਇਕ ਹੁੰਦੈ। ਇਹ ਕਾਲਮ ਫੇਸਬੁਕ 'ਤੇ ਸ਼ੇਅਰ ਕਰਨਾ ਬੇਸ਼ਕ ਸਾਰਥਕ ਐ । ਏਦਾਂ ਈ ਜਾਰੀ ਰਖੋ ਜੀ । ਸਾਦਰ ਸ਼ੁਕਰੀਆ ਜੀ ।

ਸਿੱਖ ਵੀਰ ਜੀ, ਅਜਿਹੀਆਂ ਚੜ੍ਹਦੀ ਕਲਾ ਵਾਲੀਆਂ ਲਿਖਤਾਂ ਦੀ ਫੇਸਬੁੱਕ ਤੇ ਬਹੁਤ ਲੋੜ ਹੈ ਕਿਰਪਾ ਕਰਕੇ ਤੁਸੀਂ ਆਪਣੇ ਸੁਨੇਹੇ ਇਸੇ ਤਰ੍ਹਾਂ ਸਾਡੇ ਤੱਕ ਪੁੱਜਦੇ ਕਰਦੇ ਰਹੋ।

**Kanwaljit Singh, Punjabi University, Patiala**

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਪ੍ਰਵਾਨ ਹੋਵੇ ਜੀ। ਆਪ ਜੀਨੇ ਬਿਲਕੁਲ ਠੀਕ ਕਿਹਾ ਹੈ ਕਿ ਅਰਦਾਸ ਸਿੱਖਾਂ ਲਈ ਸਵਿਧਾਨ ਹੈ ਜੀ। ਇਸ ਤੋਂ ਸਾਨੂੰ ਜੀਵਨ ਦੀ ਪ੍ਰੇਰਨਾ ਮਿਲਦੀ ਹੈ ਜੇ ਕਰ ਇਹ ਵਲ ਅਸੀ ਧਿਆਨ ਦੇਈਏ ਤਾਂ। ਜੇ ਕਰ ਆਮ ਗੱਲ ਸਮਝੀਏ ਤਾਂ ਉਹ ਸਾਡੀ ਇਛਾ ਤੇ ਨਿਰਭਰ ਕਰਦਾ ਹੈ। ਵਾਹਿਗੁਰੂ ਆਪ ਜੀ ਨੂੰ ਸਦਾ ਚੜਦੀ ਕਲਾ ਬਖਸ਼ੇ ਜੀ।

**Gurbir Singh Gulati, Mohali**

ਅੰਮ੍ਰਿਤ ਕੀਰਤਨ ਦਾ ਸੰਪਾਦਕੀ ਕਾਲਮ 'ਕਰਉ ਬੇਨੰਤੀਆ' ਹਮੇਸ਼ਾ ਹੀ ਪ੍ਰਭਾਵਸ਼ਾਲੀ ਤੇ ਪ੍ਰੇਰਨਾਦਾਇਕ ਹੁੰਦੈ। ਇਹ ਕਾਲਮ ਫੇਸਬੁਕ 'ਤੇ ਸ਼ੇਅਰ ਕਰਨਾ ਬੇਸ਼ਕ ਸਾਰਥਕ ਐ। ਏਦਾਂ ਈ ਜਾਰੀ ਰਖੋ ਜੀ। ਸਾਦਰ ਸ਼ੁਕਰੀਆ ਜੀ।

**Dr. Bachiter Singh**

---

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਆਓ ਥੋੜਾ ਰੋ ਲਈਏ

ਪਿਛੇ ਜਿਹੇ ਯੂ-ਟਿਊਬ ਤੇ ਇਕ ਵਾਰਤਾ ਸੁਣੀ 'ਤੁਸੀਂ ਆਖਰੀ ਵਾਰ ਕਦੋਂ ਰੋਏ ਸੀ'(ਸਰਬ ਸੁਖ ਫਿਲਮ ਸਾਜ਼) ------ ਮੇਰੀ ਵਾਰੀ ਆਈ ਤਾਂ ਮੈਨੂੰ ਉਹ ਕੁਰਸੀ ਤੇ ਬਿਠਾਉਂਦਿਆਂ ਸਾਰ ਹੀ ਪੁੱਛਣ ਲੱਗੇ - ਹਾਂ ਦੱਸ, ਪੁੱਤਰਾ ਕੀ ਪ੍ਰਾਬਲਮ ਏ? ਮੈਂ ਕਿਹਾ, ਡਾਕਟਰ ਸਾਹਿਬ, ਕੁਝ ਦਿਨਾਂ ਤੋਂ ਅੱਖਾਂ ਵਿੱਚ ਜਲਣ, ਖੁਸ਼ਕੀ ਤੇ ਰੁੱਖਾਪਣ ਜਿਹਾ ਮਹਿਸੂਸ ਹੋਈ ਜਾ ਰਿਹਾ ਹੈ। ਪਤਾ ਨਹੀਂ ਕਿਉਂ? ਉਹਨਾਂ ਨੇੜੇ ਹੋ ਕੇ ਮੇਰੀਆਂ ਅੱਖਾਂ ਚੈੱਕ ਕੀਤੀਆਂ ਤੇ ਫਿਰ ਸਹਿਜ ਸੁਭਾ ਹੀ ਪੁੱਛ ਲਿਆ, "ਤੂੰ ਆਖਰੀ ਵਾਰ ਕਦੋਂ ਰੋਇਆ ਸੈਂ ਪੁੱਤਰ?" ਮੈਂ ਇਕ ਤਜਰਬੇਕਾਰ ਡਾਕਟਰ ਵੱਲੋਂ ਇਹ ਅਜੀਬ ਜਿਹਾ ਸਵਾਲ ਸੁਣ ਕੇ ਹੈਰਾਨ ਰਹਿ ਗਿਆ ਤੇ ਝਟਪਟ ਹੀ ਅੱਗੋਂ ਆਖ ਦਿਤਾ, ਡਾਕਟਰ ਸਾਹਿਬ ਰੋਣਾ ਕੋਈ ਚੰਗੀ ਗੱਲ ਥੋੜਾ ਹੈ ਉਹ ਵੀ ਮਰਦਾਂ ਵਾਸਤੇ? ਉਹ ਬੋਲੇ, ਪੁੱਤਰ ਰੋਣਾ ਬੜੀ ਚੰਗੀ ਗੱਲ ਏ। ਜੋ ਲੋਕ ਰੋਂਦੇ ਨਹੀਂ ਉਹਨਾਂ ਦੀਆਂ ਅੱਖੀਆਂ ਤੇ ਦਿਲ ਦੋਨੋਂ ਹੀ ਪੱਥਰ ਦੇ ਹੋ ਜਾਂਦੇ ਨੇ ਤੇ ਦਿਮਾਗ ਪੂਰੀ ਤਰ੍ਹਾਂ ਸੁੰਨ। ਮੈਂ ਪੁਛਿਆ, ਡਾਕਟਰ ਸਾਹਿਬ, ਮੈਨੂੰ ਤੇ ਕਿਸੇ ਗੱਲ ਤੇ ਰੋਣ ਹੀ ਨਹੀਂ ਆਉਂਦਾ। ਕਿਹੜੇ ਬਹਾਨੇ ਨਾਲ ਰੋਇਆ ਕਰਾਂ? ਉਹ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲੇ- ਇਕਾਂਤ ਵਿਚ ਜਦੋਂ ਕਦੇ ਰਬ ਦੀ ਬੰਦਗੀ ਕਰਦਾ ਏਂ, ਉਦੋਂ ਜਾਣੇ ਅਣਜਾਣੇ ਵਿੱਚ ਹੋਏ ਗੁਨਾਹਾਂ ਨੂੰ ਯਾਦ ਕਰਕੇ ਰੋ ਲਿਆ ਕਰ। ਹੰਝੂ ਸਿਰਫ ਦੁੱਖ ਤਕਲੀਫ ਵਿਚ ਹੀ ਨਹੀਂ ਆਉਂਦੇ, ਖੁਸ਼ੀ ਵਿੱਚ ਵੀ ਆ ਸਕਦੇ ਹਨ। ਪਰ ਖੁਸ਼ੀ ਵਿਚ ਵੀ ਹੰਝੂ ਉਹਨਾਂ ਦੀਆਂ ਅੱਖਾਂ ਵਿਚ ਹੀ ਆਉਂਦੇ ਹਨ ਜਿਹਨਾਂ ਦੇ ਦਿਲ ਵਿੱਚ ਦੂਸਰਿਆਂ ਲਈ ਪਿਆਰ ਹੁੰਦਾ ਏ, ਮੁਹੱਬਤ ਹੁੰਦੀ ਏ, ਦਰਦ ਹੁੰਦਾ ਏ। ਮੁਸਕੁਰਾਉਂਦੇ ਹੋਏ ਲੰਮੇ ਦਾਹੜੇ ਵਾਲੇ ਉਹ ਸਰਦਾਰ ਜੀ ਅੱਜ ਮੈਨੂੰ ਡਾਕਟਰ ਘਟ, ਪਰ ਨਿੱਕੇ ਹੁੰਦਿਆਂ ਨਿਤਨੇਮ ਲਈ ਪ੍ਰੇਰਦੇ ਹੋਏ ਮੇਰੇ ਦਾਦਾ ਜੀ ਜ਼ਿਆਦਾ ਲੱਗ ਰਹੇ ਸਨ।ਹੰਝੂ ਮਨੁੱਖ ਨੂੰ ਕੁਦਰਤ ਦੀ ਬਹੁਤ ਵੱਡੀ ਦਾਤ ਨੇ ਜਿਵੇਂ ਗਰਮੀ ਵਿੱਚ ਪਸੀਨਾ ਜਿਸਮ ਨੂੰ ਠਾਰਦਾ ਏ, ਮਾਹੌਲ ਨਾਲ ਸਿਝਣ ਦਾ ਵੱਲ ਸਿਖਾਉਂਦਾ ਏ ਉਵੇਂ ਹੰਝੂ ਇਨਸਾਨ ਨੂੰ ਅਸਹਿ ਦਰਦ ਅਤੇ ਦਿਲੀ ਦੁੱਖ ਨੂੰ ਝਲਣ ਦੇ ਕਾਬਲ ਬਣਾਉਂਦੇ ਨੇ। ਹੰਝੂ ਲੂਣ ਅਤੇ ਪਾਣੀ ਦਾ ਸੁਮੇਲ ਕਰਕੇ ਨਹੀਂ ਬਣਾਏ ਜਾ ਸਕਦੇ। ਇਹਦੇ ਲਈ ਸਰੀਰ ਦਾ ਹਿੱਸਾ ਬਣ ਚੁਕੇ ਪਾਣੀ ਨੂੰ ਦਰਦ ਅਤੇ ਮੁਹੱਬਤ ਦੀ ਤਪਸ਼ ਲੈ ਕੇ ਅੱਖਾਂ ਰਾਹੀਂ ਵਹਿਣਾ ਪੈਂਦਾ ਹੈ। ਹੰਝੂ ਮਰਦ ਵਾਸਤੇ ਕੋਈ ਮਿਹਣਾ ਨਹੀਂ ਸਗੋਂ ਇਸ ਗੱਲ ਦੀ ਤਾਈਦ ਨੇ ਕਿ ਉਹ ਇਨਸਾਨ ਇਕ ਕੋਮਲ ਅਤੇ ਨਿਰਮਲ ਹਿਰਦੇ ਦਾ ਮਾਲਕ ਏ। ਉਸ ਦੇ ਦਿਲ ਵਿਚ ਦੂਸਰਿਆਂ ਲਈ ਪਿਆਰ, ਮੁਹੱਬਤ ਅਤੇ ਦਰਦ ਹੈ। (ਹਰਪ੍ਰੀਤ ਜਵੰਦਾ)

ਇਹ ਵਾਰਤਾ ਸੁਣ ਕੇ ਰੋਣ ਅਤੇ ਅੱਖੀਆਂ ਵਿਚਲੇ ਨੀਰ ਬਾਰੇ ਡਾਕਟਰ ਅਲਾਮਾ ਇਕਬਾਲ ਦਾ ਇਕ ਸ਼ੇਅਰ ਯਾਦ ਆਇਆ। ਪਰ ਇਸ ਦੇ ਨਾਲ ਹੀ ਮੈਨੂੰ ਯਾਦ ਆਏ ਡਾਕਟਰ ਕੇਸਰ ਸਿੰਘ ਕੇਸਰ। ਮੈਂ ਜਦੋਂ 1967 ਵਿਚ ਆਪਣੇ ਪਿਤਾ ਜੀ ਨਾਲ ਸਹਾਇਕ ਰਾਗੀ ਦੇ ਤੌਰ ਤੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਨੌਕਰੀ ਅਰੰਭ ਕੀਤੀ ਤਾਂ ਉਦੋਂ ਦਸਵੀਂ ਪਾਸ ਕੀਤੀ ਹੋਈ ਸੀ ਤੇ ਅੱਗੇ ਪੜ੍ਹਾਈ ਕਰਨ ਲਈ ਤਰਲੇ ਲੈ ਰਿਹਾ ਸਾਂ। ਉਦੋਂ ਪ੍ਰਾਈਵੇਟ ਪੜ੍ਹਾਈ ਕਰਨ ਵਾਲਿਆਂ ਲਈ ਇਕ ਰਸਤਾ ਮਸ਼ਹੂਰ ਸੀ ਜਿਸਨੂੰ 'ਵਾਇਆ ਬਠਿੰਡਾ' ਕਿਹਾ ਜਾਂਦਾ ਸੀ। ਪਹਿਲਾਂ ਗਿਆਨੀ ਪਾਸ ਕਰੋ ਤੇ ਫਿਰ ਇਕ ਇਕ ਸਬਜੈਕਟ ਪਾਸ ਕਰਕੇ ਬੀ ਏ ਤਕ ਪੜ੍ਹਾਈ ਹੋ ਜਾਂਦੀ ਸੀ। ਮੈਂ ਗਿਆਨੀ ਦੀ ਪੜ੍ਹਾਈ ਸ਼ੁਰੂ ਕੀਤੀ। ਉਦੋਂ ਮਾਤਾ ਗੁਜਰੀ ਕਾਲਜ ਵਿਚ ਪ੍ਰੋ ਸੁਜਾਨ ਸਿੰਘ ਜੀ ਪੰਜਾਬੀ ਪੜ੍ਹਾਉਂਦੇ ਸਨ। ਉਹ ਕਦੀ ਕਦੀ ਕੀਰਤਨ ਸੁਣਨ ਆ ਜਾਂਦੇ ਸਨ। ਜਦੋਂ ਉਹਨਾਂ ਨੂੰ ਮੈਂ ਆਪਣੀ ਇੱਛਾ ਦੱਸੀ ਤਾਂ ਉਹ ਮੈਨੂੰ ਪੜ੍ਹਾਉਣ ਲਈ ਮੰਨ ਗਏ ਤੇ ਮੈਂ ਉਹਨਾਂ ਕੋਲੋਂ ਅਗਵਾਈ ਲੈਣੀ ਸ਼ੁਰੂ ਕਰ ਲਈ। ਫਿਰ ਤਾਂ ਨੇੜਤਾ ਬਹੁਤ ਵੱਧ ਗਈ। ਇਸ ਬਾਰੇ ਕਦੀ ਫਿਰ ਲਿਖਾਂਗਾ। ਹੁਣ ਡਾਕਟਰ ਕੇਸਰ ਸਿੰਘ ਜੀ ਬਾਰੇ ਗੱਲ ਕਰਨੀ ਹੈ। ਮੈਂ ਗਿਆਨੀ ਪਾਸ ਕਰ ਕੇ ਬੀ ਏ ਕਰਨ ਲੱਗ ਪਿਆ ਤੇ ਐਮ ਏ ਪੰਜਾਬੀ ਬਾਰੇ ਸੋਚਣ ਲੱਗ ਪਿਆ। ਪ੍ਰੋ ਸੁਜਾਨ ਸਿੰਘ

ਹੋਰੀਂ ਪ੍ਰਿੰਸੀਪਲ ਬਣ ਕੇ ਢੁਡੀਕੇ ਚਲੇ ਗਏ ਜਾਣ ਤੋਂ ਪਹਿਲਾਂ ਉਹਨਾਂ ਮੈਨੂੰ ਡਾਕਟਰ ਕੇਸਰ ਸਿੰਘ ਹੋਰਾਂ ਦੇ ਹਵਾਲੇ ਕਰਦਿਆਂ ਕਿਹਾ ਕਿ ਇਸ ਨੂੰ ਅਗਲੇਰੀ ਪੜ੍ਹਾਈ ਕਰਵਾਣੀ ਹੈ। ਮੇਰੀ ਕੀਰਤਨ ਦੀ ਡੀਊਟੀ ਸਵੇਰੇ ਸ਼ਾਮ ਹੁੰਦੀ ਸੀ। ਬਾਕੀ ਸਾਰਾ ਦਿਨ ਮੈਂ ਮਾਤਾ ਗੁਜਰੀ ਕਾਲਜ ਵਿੱਚ ਲਾਇਬ੍ਰੇਰੀ ਜਾਂ ਡਾਕਟਰ ਕੇਸਰ ਸਿੰਘ ਜਾਂ ਪ੍ਰੋ ਸੀ ਬੀ ਸ਼ਰਮਾ ਜਾਂ ਪ੍ਰੋ ਗੁਰਚਰਨ ਸਿੰਘ ਵਾਸੁਦੇਵਾ ਆਦਿ ਨਾਲ ਗੁਜ਼ਾਰਦਾ। ਸ਼ਾਮ ਕਦੀ ਕਦੀ ਜਦੋਂ ਡਾਕਟਰ ਕੇਸਰ ਹੋਰਾਂ ਦਾ ਮੂਡ ਹੁੰਦਾ ਤਾਂ ਉਹ ਕੋਈ ਨਾ ਕੋਈ ਕਿਤਾਬ ਪੜ੍ਹ ਕੇ ਸੁਣਾਉਣ ਲੱਗ ਪੈਂਦੇ। ਐਮ ਏ ਕਰਨ ਵੇਲੇ ਮੈਂ ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਅਧਿਐਨ ਵਾਲਾ ਪਰਚਾ ਲਿਆ ਸੀ। ਗੁਰੂ ਨਾਨਕ ਬਾਣੀ ਪੜ੍ਹਾਉਂਦਿਆਂ ਡਾਕਟਰ ਸਾਹਿਬ ਦੀ ਆਵਾਜ਼ ਹੋਰ ਹੀ ਹੋ ਜਾਂਦੀ ਸੀ। ਜਿਵੇਂ ਕੋਈ ਵਜਦ ਤਾਰੀ ਹੋ ਜਾਂਦਾ ਸੀ। ਇਕ ਵਾਰ ਉਹ ਬਾਬਰ ਬਾਣੀ ਪੜ੍ਹਾ ਰਹੇ ਸਨ। 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ' ਦੀ ਵਿਆਖਿਆ ਕਰਦਿਆਂ ਕਹਿਣ ਲੱਗੇ ਮਹਾਨ ਕਵੀ ਸਮਾਜ ਦੀ ਅੱਖ ਹੁੰਦੇ ਹਨ। ਤੇ ਫਿਰ ਉਹਨਾਂ ਨੇ ਅਲਾਮਾ ਇਕਬਾਲ ਦੀ ਬਾਂਗੇਦਰਾਂ ਦਾ ਇਕ ਸ਼ੇਅਰ ਸੁਣਾਇਆ ਜੋ ਮੇਰੇ ਚੇਤੇ ਵਿਚ ਵੱਸਿਆ ਹੋਇਆ ਹੈ-

ਮੁਬਤਲਾਏ ਦਰਦ ਕੋਈ ਉਜ਼ੂ ਹੋ, ਰੋਤੀ ਹੈ ਆਂਖ।
ਕਿਸ ਕਦਰ ਹਮਦਰਦ ਸਾਰੇ ਜਿਸਮ ਕੀ ਹੋਤੀ ਹੈ ਆਂਖ।

ਇਸੇ ਤਰ੍ਹਾਂ ਹੀ ਸੁਦਰਸ਼ਨ ਫਾਕਿਰ ਦੀ ਇਕ ਮਸ਼ਹੂਰ ਗਜ਼ਲ ਜੋ ਬੇਗਮ ਅਖ਼ਤਰ ਅਤੇ ਜਗਜੀਤ ਸਿੰਘ ਨੇ ਬਾਖੂਬ ਗਾਇਨ ਕੀਤੀ ਹੈ ਵਿਚ ਵੀ ਇਕ ਸ਼ੇਅਰ ਜੋ ਸ਼ਾਇਦ ਸਾਹਿਤਕਾਰਾਂ ਅਤੇ ਕਲਾਕਾਰਾਂ ਲਈ ਹੈ-

ਰੋਨੇ ਵਾਲੋਂ ਸੇ ਕਹੋ ਉਨਕਾ ਭੀ ਰੋਨਾ ਰੋ ਲੇਂ,
ਜਿਨਕੋ ਮਜਬੂਰੀ ਏ ਹਾਲਾਤ ਨੇ ਰੋਨੇ ਨਾ ਦੀਆ।

ਉਂਜ ਤਾਂ ਇਸ ਸਾਰੀ ਗਜ਼ਲ ਵਿਚ ਨਾ ਰੋ ਸਕਣ ਦੀ ਮਜਬੂਰੀ ਜਿਸ ਢੰਗ ਨਾਲ ਬਿਆਨ ਕੀਤੀ ਹੈ ਉਹ ਪੜ੍ਹ ਸੁਣ ਕੇ ਤਾਂ ਰੋਣ ਨੂੰ ਜੀਅ ਕਰਨ ਪੈਂਦਾ ਹੈ। ਆਓ ਸਾਰੀ ਗਜ਼ਲ ਪੜ੍ਹਨ ਵਿੱਚ ਕੋਈ ਹਰਜ ਨਹੀਂ-

ਇਸ਼ਕ ਮੇਂ ਗੈਰਤ-ਏ-ਜਜ਼ਬਾਤ ਨੇ ਰੋਨੇ ਨਾ ਦੀਆ।
ਵਰਨਾ ਕਿਆ ਬਾਤ ਥੀ ਕਿਸ ਬਾਤ ਨੇ ਰੋਨੇ ਨਾ ਦੀਆ।
ਆਪ ਕਹਿਤੇ ਥੇ ਕਿ ਰੋਨੇ ਸੇ ਨਾ ਬਦਲੇਂਗੇ ਨਸੀਬ,
ਉਮਰ ਭਰ ਆਪ ਕੀ ਇਸ ਬਾਤ ਨੇ ਰੋਨੇ ਨਾ ਦੀਆ।
ਤੁਝ ਸੇ ਮਿਲ ਕਰ ਹਮੇਂ ਰੋਨਾ ਥਾ ਬਹੁਤ ਰੋਨਾ ਥਾ,
ਤੰਗੀ-ਏ-ਵਕਤ-ਏ-ਮੁਲਾਕਾਤ ਨੇ ਰੋਨੇ ਨਾ ਦੀਆ।
ਏਕ ਦੋ ਰੋਜ਼ ਕਾ ਸਦਮਾ ਹੋ ਤੋ ਰੋ ਲੇਂ 'ਫ਼ਾਕਿਰ',
ਹਮ ਕੋ ਹਰ ਰੋਜ਼ ਕੇ ਸਦਮਾਤ ਨੇ ਰੋਨੇ ਨਾ ਦੀਆ।

ਮੈਂ ਵੀ ਅੱਖ, ਹੰਝੂ ਅਤੇ ਰੋਹ ਬਾਰੇ ਇਕ ਸ਼ੇਅਰ ਲਿਖਿਆ ਸੀ-

ਹੰਝੂ ਵਾਲੀ ਅੱਖ ਹੀ ਹੁੰਦੀ ਹੈ ਲਾਲ,
ਰਹਾਂਗਾ ਕਿੰਨਾ ਕੁ ਚਿਰ ਕਰਦਾ ਸਬਰ।

ਖ਼ੈਰ ਚਲੋ ਸਾਬਤ ਹੋਇਆ ਕਿ ਰੋਣਾ ਕੋਈ ਮਾੜੀ ਗੱਲ ਨਹੀਂ, ਇਸ ਲਈ ਆਓ ਥੋੜਾ ਰੋ ਲਈਏ।

-- ਭੁੱਲ ਚੁੱਕ ਖਿਮਾ ਜੀ --

# ਗੁਰਮਤਿ ਸੰਗੀਤ ਵਿਚ ਰਾਗ ਮਲਾਰ

*** ਗੁਰਨਾਮ ਸਿੰਘ (ਡਾ.)**

ਭਾਰਤੀ ਸੰਗੀਤ ਅਤੇ ਗੁਰਮਤਿ ਵਿਚ ਮਲਾਰ ਅਤਿਅੰਤ ਪ੍ਰਚਲਿਤ ਰਾਗ ਹੈ। ਸੰਗੀਤ ਜਗਤ ਵਿਚ ਹੀ ਨਹੀਂ ਇਹ ਜਨ ਸਾਧਾਰਨ ਵਿਚ ਵੀ ਓਨਾ ਹੀ ਪ੍ਰਸਿੱਧ ਹੈ। ਇਹ ਇਕ ਰਿਤੁਕਾਲੀਨ ਰਾਗ ਹੈ ਜਿਸ ਦਾ ਵਰਣਨ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਵੀ ਮਿਲਦਾ ਹੈ। ਭਾਰਤੀ ਸੰਗੀਤ ਵਿਚ ਇਸ ਨੂੰ ਮਲਾਰ ਜਾਂ ਮਲਹਾਰ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਕੁਝ ਵਿਦਵਾਨਾਂ ਦੇ ਵਿਚਾਰ ਅਨੁਸਾਰ ਮਲਾਰ ਮਲਰੂਹ ਦਾ ਅਪਭ੍ਰੰਸ਼ ਰੂਪ ਹੈ। ਪ੍ਰਾਚੀਨ ਅਤੇ ਮੱਧਕਾਲੀਨ ਗ੍ਰੰਥਕਾਰਾਂ ਨੇ ਇਸ ਰਾਗ ਦਾ ਜ਼ਿਕਰ ਆਪਣੇ ਗ੍ਰੰਥਾਂ ਵਿਚ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਲਾਰ ਰਾਗ ਨੂੰ ਮੁੱਖ ਰਾਗਾਂ ਦੀ ਲੜੀ ਅਧੀਨ ਸਤਾਈਵਾਂ ਸਥਾਨ ਪ੍ਰਾਪਤ ਹੈ। ਇਸ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੨੫੪ ਤੋਂ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੀ ਮਹਿਮਾ ਕਰਦੇ ਹੋਏ ਤੀਸਰੇ ਗੁਰੂ ਅਮਰਦਾਸ ਜੀ ਇੰਝ ਫੁਰਮਾਨ ਕਰਦੇ ਹਨ:

- ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੩)

ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ 'ਸੰਗੀਤ ਰਤਨਾਕਰ' ਵਿਚ ਇਸ ਰਾਗ ਨੂੰ ਰਾਗਾਂਗ ਰਾਗ ਸਵੀਕਾਰਿਆ ਗਿਆ ਹੈ। ਇਸ ਦੇ ਅੰਗ ਮਿਸ਼ਰਣ ਨਾਲ ਕਈ ਰਾਗ ਰੂਪ ਪ੍ਰਚਾਰ ਅਧੀਨ ਹਨ ਜਿਵੇਂ 'ਗੌਂਡ ਮਲਾਰ', 'ਨਟ ਮਲਾਰ', 'ਰਾਮਦਾਸੀ ਮਲਾਰ' ਆਦਿ। ਮਲਾਰ ਰਾਗ ਦੇ ਨਾਦਾਤਮਕ ਸਰੂਪ ਸਬੰਧੀ ਵਿਦਵਾਨਾਂ ਵਿਚ ਵਿਭਿੰਨਤਾ ਪਾਈ ਜਾਂਦੀ ਹੈ।

ਗੁਰਮਤਿ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਲਾਰ ਰਾਗ ਖਮਾਜ ਥਾਟ ਤੋਂ ਉਤਪੰਨ ਹੋਇਆ ਰਾਗ ਹੈ। ਇਸ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦਾ ਗਾਇਨ ਸਮਾਂ ਵਰਖਾ ਰੁੱਤ ਵਿਚ ਹਰ ਸਮੇਂ ਅਤੇ ਰਾਤ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ ਮਧਿਅਮ ਪੰਚਮ ਧੈਵਤ ਰਿਸ਼ਭ (ਤਾਰ ਸਪਤਕ) ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਧੈਵਤ ਪੰਚਮ ਮਧਿਅਮ ਰਿਸ਼ਭ ਸ਼ੜਜ ਮੰਨਿਆ ਹੈ।

ਦੂਸਰੇ ਮੱਤ ਅਨੁਸਾਰ ਵਿਦਵਾਨਾਂ ਨੇ ਇਸ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਹੈ। ਇਸ ਵਿਚ ਗੰਧਾਰ ਅਤੇ ਨਿਸ਼ਾਦ ਸੁਰਾਂ ਨੂੰ ਵਰਜਿਤ ਕੀਤਾ ਗਿਆ ਹੈ। ਇਹਨਾਂ ਨੇ ਵੀ ਵਾਦੀ-ਸੰਵਾਦੀ- ਮਧਿਅਮ-ਸ਼ੜਜ਼ ਨੂੰ ਹੀ ਮੰਨਿਆ ਹੈ। ਇਸ ਰਾਗ ਦੇ ਪੂਰਵਾਂਗ ਵਿਚ ਸ਼ੜਜ ਰਿਸ਼ਭ ਮਧਿਅਮ ਅਤੇ ਉਤਰਾਂਗ ਵਿਚ ਮਧਿਅਮ ਪੰਚਮ ਧੈਵਤ ਸ਼ੜਜ (ਤਾਰ ਸਪਤਕ) ਧੈਵਤ ਪੰਚਮ ਸੁਰ ਸੰਗਤੀਆਂ ਅਤਿਅੰਤ ਮਹੱਤਵਪੂਰਨ ਹਨ। ਇਸ ਤੋਂ ਬਿਨਾਂ ਰਿਸ਼ਭ ਪੰਚਮ ਦੀ ਸੁਰ ਸੰਗਤੀ ਇਸ ਰਾਗ ਦੀ ਪ੍ਰਾਣ ਹੈ। ਇਹ ਰਾਗ ਭਾਵੇਂ ਵਰਖਾ ਰੁੱਤ ਵਿਚ ਹਰ ਸਮੇਂ ਗਾਇਆ ਵਜਾਇਆ ਜਾਂਦਾ ਹੈ ਪਰੰਤੂ ਵਿਦਵਾਨਾਂ ਨੇ ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਨਿਰਧਾਰਿਤ ਕੀਤਾ ਹੈ।

ਰਾਗ ਮਲਾਰ ਦੇ ਸਰੂਪ ਸਬੰਧੀ ਤੀਸਰੇ ਮੱਤ ਅਨੁਸਾਰ ਵਿਦਵਾਨਾਂ ਨੇ ਇਸ ਨੂੰ ਕਾਫ਼ੀ ਥਾਟ ਦੇ ਅੰਤਰਗਤ ਰੱਖਿਆ ਹੈ। ਇਸ ਵਿਚ ਦੋਵੇਂ ਨਿਸ਼ਾਦ ਵਰਤੇ ਗਏ ਹਨ। ਇਸ ਰਾਗ ਦਾ ਵਾਦੀ ਸੁਰ ਇਸ ਮਤ ਦੇ ਧਾਰਨੀ ਵਿਦਵਾਨਾਂ ਨੇ ਸ਼ੜਜ ਅਤੇ ਸੰਵਾਦੀ ਸੁਰ ਪੰਚਮ ਮੰਨਿਆ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਤੀਸਰਾ ਪਹਿਰ ਅਤੇ ਬਰਸਾਤ ਦੀ ਰੁੱਤ ਵਿਚ ਹਰ ਸਮੇਂ ਦਾ ਮੰਨਿਆ ਗਿਆ ਹੈ। ਇਸ ਦਾ ਆਰੋਹ ਸ਼ੜਜ, ਰਿਸ਼ਭ ਮਧਿਅਮ, ਰਿਸ਼ਭ ਪੰਚਮ, ਮਧਿਅਮ ਪੰਚਮ ਨਿਸ਼ਾਦ (ਕੋਮਲ) ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਪੰਚਮ, ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ, ਮਧਿਅਮ ਮਧਿਅਮ, ਮਧਿਅਮ ਰਿਸ਼ਭ ਸ਼ੜਜ ਮੰਨਿਆ ਹੈ।

ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਦਾ ਸਰਵਪ੍ਰਮਾਣਿਤ ਸਰੂਪ ਮੰਨਿਆ ਗਿਆ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਤੀਸਰਾ ਪਹਿਰ ਅਤੇ ਬਰਸਾਤ ਦੀ ਰੁੱਤ ਵਿਚ ਹਰ ਸਮੇਂ ਦਾ ਹੈ। ਇਸ ਦਾ ਆਰੋਹ ਸ਼ੜਜ, ਰਿਸ਼ਭ ਗੰਧਾਰ ਮਧਿਅਮ, ਮਧਿਅਮ ਰਿਸ਼ਭ ਪੰਚਮ,

ਨਿਸ਼ਾਦ(ਕੋਮਲ) ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ(ਤਾਰ ਸਪਤਕ), ਧੈਵਤ ਨਿਸ਼ਾਦ(ਕੋਮਲ) ਪੰਚਮ, ਮਧਿਅਮ ਗੰਧਾਰ ਮਧਿਅਮ ਰਿਸ਼ਭ, ਸ਼ੜਜ ਪ੍ਰਵਾਨ ਕੀਤਾ ਹੈ।

ਮਲਾਰ ਇੱਕ ਸ਼ੁਧ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਅਨੁਸਾਰ ਉਹ ਰਾਗ ਜਿਨ੍ਹਾਂ ਵਿਚ ਕਿਸੇ ਹੋਰ ਰਾਗ ਦਾ ਮਿਸ਼ਰਣ ਨਹੀਂ ਅਤੇ ਇਹ ਆਪਣਾ ਸੁਤੰਤਰ, ਸਪਸ਼ਟ ਤੇ ਪ੍ਰਧਾਨ ਸਰੂਪ ਰੱਖਦੇ ਹਨ, ਸ਼ੁੱਧ ਰਾਗ ਵਜੋਂ ਜਾਣੇ ਜਾਂਦੇ ਹਨ। ਬਾਣੀ ਵਿਚ ਇਨ੍ਹਾਂ ਨੂੰ ਮੁੱਖ ਸਿਰਲੇਖ ਵਜੋਂ ਅੰਕਿਤ ਕੀਤਾ ਗਿਆ ਹੈ ਅਤੇ ਇਨ੍ਹਾਂ ਦੇ ਪ੍ਰਕਾਰ ਇਨ੍ਹਾਂ ਮੁੱਖ ਰਾਗ ਸਿਰਲੇਖਾਂ ਅਧੀਨ ਅੰਕਿਤ ਕੀਤੇ ਗਏ ਹਨ।

ਗੁਰਮਤਿ ਸੰਗੀਤ ਪਰੰਪਰਾ ਵਿਚ ਮਲਾਰ ਮੌਸਮੀ ਰਾਗ ਦੇ ਅੰਤਰਗਤ ਪ੍ਰਯੋਗ ਹੋਇਆ ਹੈ। ਇਸ ਰਾਗ ਵਿਚ ਰਚਿਤ ਬਾਣੀ ਵਿਚ ਗੁਰੂ ਸਾਹਿਬ ਵਰਖਾ ਰੁੱਤ ਸਮੇਂ ਪ੍ਰਕਿਰਤੀ ਦਾ ਸ਼ਿੰਗਾਰ, ਮਾਨਵ ਮਨ ਦਾ ਉਲਾਸ ਅਤੇ ਪਤੀ-ਪ੍ਰੀਤਮ ਦੇ ਵਿਛੋੜੇ ਦੀ ਅਸਹਿ ਪੀੜਾ ਦਾ ਹਵਾਲਾ ਦਿੰਦਿਆਂ ਆਤਮਾ ਦਾ ਪਰਮਾਤਮਾ ਦੇ ਵਿਛੋੜੇ ਵਿਚਲੀ ਤੜਫ ਨੂੰ ਅਤੇ ਫਿਰ ਉਸ ਦੇ ਮਿਲਣ ਦੀ ਅਵਸਥਾ ਨੂੰ ਬਿਆਨਦਿਆਂ ਇੰਜ ਫੁਰਮਾਉਂਦੇ ਹਨ:

- ਬਬੀਹਾ ਖਿਨੁ ਖਿਨੁ ਬਿਲਲਾਇ॥ ਬਿਨੁ ਪਿਰ ਦੇਖੇ ਨੀਂਦ ਨ ਪਾਇ॥
  ਇਹੁ ਵੇਛੋੜਾ ਸਹਿਆ ਨ ਜਾਇ॥ ਸਤਿਗੁਰੁ ਮਿਲੇ ਤਾਂ ਮਿਲੈ ਸੁਭਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੬੨)
- ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥
  ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੬੬)
- ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾ ਦਰਿ ਸੁਣੀ ਪੁਕਾਰ॥
  ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧285)

ਉਪਰੋਕਤ ਅਨੁਸਾਰ ਮਲਾਰ ਦਾ ਸਮਾਂ ਵੀ ਅੰਮ੍ਰਿਤ ਵੇਲੇ ਰਾਤ ਦਾ ਤੀਸਰਾ ਪਹਿਰ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਨੌਂ ਪਦੇ, ਪੰਜ ਅਸ਼ਟਪਦੀਆਂ ਅਤੇ ਇਕ ਵਾਰ; ਗੁਰੂ ਅਮਰਦਾਸ ਜੀ ਦੇ ਤੇਰਾਂ ਪਦੇ, ਤਿੰਨ ਅਸਟਪਦੀਆਂ; ਗੁਰੂ ਰਾਮਦਾਸ ਜੀ ਦੇ ਸੱਤ ਪਦੇ, ਦੋ ਪੜਤਾਲਾਂ; ਗੁਰੂ ਅਰਜਨ ਦੇਵ ਜੀ ਦੇ ਬਾਈ ਪਦੇ, ਚਾਰ ਛੰਤ ਅਤੇ ਅੱਠ ਪੜਤਾਲਾਂ ਅੰਕਿਤ ਹਨ। ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਨਾਮਦੇਵ ਦੇ ਦੋ ਅਤੇ ਭਗਤ ਰਵਿਦਾਸ ਜੀ ਦੇ ਤਿੰਨ ਪਦੇ ਬਾਣੀ ਰੂਪ ਵੀ ਅੰਕਿਤ ਹਨ।

ਬਸੰਤ ਦੀ ਕੀਰਤਨ ਚੌਕੀ ਵਾਂਗ ਹੀ ਗੁਰਮਤਿ ਸੰਗੀਤ ਪਰੰਪਰਾ ਵਿਚ ਸਾਵਣ ਦੇ ਮਹੀਨੇ ਦੌਰਾਨ ਜਿੱਥੇ ਕਿਤੇ ਵੀ ਕੀਰਤਨ ਹੋਵੇ, ਉਸ ਵਿਚ ਰਾਗ ਮਲਾਰ ਤੇ ਮਲਾਰ ਦੇ ਪ੍ਰਕਾਰਾਂ ਵਿਚ ਕੀਰਤਨੀਏ ਕੀਰਤਨ ਕਰਦੇ ਹਨ ਅਤੇ 'ਮਲਾਰ ਦੀ ਵਾਰ' ਦੀ ਪਉੜੀ ਦਾ ਗਾਇਨ ਵੀ ਕੀਤਾ ਜਾਂਦਾ ਹੈ।

ਮਲਾਰ ਰਾਗ ਵਿਚ ਗੁਰੂ ਰਾਮਦਾਸ ਜੀ ਦੀਆਂ ਦੋ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਅੱਠ ਪੜਤਾਲਾਂ ਹਨ ਜਿਨ੍ਹਾਂ ਨੂੰ ਗੁਰਮਤਿ ਸੰਗੀਤ ਵਿਚ ਬੜੇ ਉਤਸ਼ਾਹ ਨਾਲ ਗਾਇਆ ਜਾਂਦਾ ਹੈ। ਇਨ੍ਹਾਂ ਪੜਤਾਲਾਂ ਦੀਆਂ ਰਚਨਾਵਾਂ ਪ੍ਰੋ. ਤਾਰਾ ਸਿੰਘ, ਪ੍ਰਿੰ. ਦਿਆਲ ਸਿੰਘ ਆਦਿ ਰਚਨਾਕਾਰਾਂ ਨੇ ਕੀਤੀਆਂ ਹਨ।

ਮਲਾਰ ਰਾਗ ਦੇ ਅਧੀਨ 20ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਰਾਗ ਮਲਾਰ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ **www.gurmatsangeetpup.com, www.sikh-relics.com, www.vismaadnaad.org** ਵੈਬਸਾਈਟਸ ਤੇ ਸੁਣ ਸਕਦੇ ਹਾਂ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਮਲਾਰ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ 'ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਗਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

* ਫ਼ਾਊਂਡਰ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਕਿਵ ਹੋਵੇ ਕੀਰਤਨ
# ਰਸਮੀ ਤੋਂ ਰਸਮਈ... ਕਿਰਤ ਤੋਂ ਕੀਰਤੀ...

ਰੇਣੁਕਾ ਸਰਬਜੀਤ ਸਿੰਘ

ਕੀਰਤਨ ਭਾਵ ਕੀਰਤੀ ਕਰਨਾ ਜਾਂ ਜਸ ਗਾਉਣੇ, ਗੁਣ ਗਾਉਣੇ। ਗੁਣ ਗਾਉਣ ਨਾਲ ਗੁਣ ਵਿਹਾਝੇ ਜਾਂਦੇ ਹਨ, ਗੁਣ ਵਧਦੇ ਹਨ, ਪਰਫੁਲਿਤ ਹੁੰਦੇ ਹਨ। ਇੰਝ ਕੀਰਤਨ ਕਰਨ ਵਾਲਾ ਗੁਣੀ ਜਨ ਬਣਦਾ ਹੈ, ਅਵਗੁਣ ਕਢੈ – ਆਪਣੇ ਅਵਗੁਣ ਕੱਢ ਦਿੰਦਾ ਹੈ। ਗੁਣ ਗਾ ਗਾ ਕੇ ਗੁਣੀ ਬਣ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੪੯ ਵਿਖੇ ਫੁਰਮਾਨ ਹੈ:

ਧਨੁ ਧਨੁ ਭਾਗ ਤਿਨਾ ਸਾਧ ਜਨਾ
ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥

ਪਰ ਕੀ ਅੱਜ ਕੀਰਤਨ ਕਰਨ ਵਾਲੇ ਗੁਣੀ ਬਣ ਰਹੇ ਹਨ? ਕੀਰਤਨ ਕੀਰਤੀ ਘੱਟ ਤੇ ਕਿਰਤ ਵੱਧ ਬਣਦਾ ਜਾ ਰਿਹਾ ਹੈ। ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ ॥ ਚਾਅ ਬਣ ਹੀ ਨਹੀਂ ਰਿਹਾ । ਮਨੁ ਕਠੋਰੁ ਨੂੰ ਅਸੀਂ ਸਬਦ ਨਾਲ ਭੇਦ ਹੀ ਨਹੀਂ ਪਾ ਰਹੇ ਤਾਂ ਹੀ ਸਾਂਤਿ ਵਸੈ ਮਨਿ ਆਇ ਸੰਭਵ ਨਹੀਂ ਹੋ ਪਾ ਰਿਹਾ। ਗਾਇ ਸੁਨੈ ਆਂਖੇ ਮੀਚੈ ਨਾਲ ਹੀ ਪਰਮ ਪਦ ਤੇ ਪੁਜਣ ਦਾ ਯਤਨ ਹੈ।

ਕੀਰਤਨ – ਕਿਰਤ ਤੋਂ ਕੀਰਤੀ ਕਿਵ ਹੋਵੇ? ਗਾਇਣ ਤੋਂ ਸਮਾਇਣ ਕਿਵ ਹੋਵੇ? ਕੀਰਤਨੀਏ ਗਾਇਣ ਅਵਸਥਾ ਤੋਂ 'ਗਹਿਣ' ਕਰਨ ਦੀ ਅਵਸਥਾ ਤੇ ਕਿਵ ਪੁੱਜਣ? ਇਹ ਅਜੋਕੇ ਸਮੇਂ ਦੇ ਵੱਡੇ ਚੈਲੰਜ ਹਨ।

ਕੀਰਤਨ ਦਾ ਕੇਵਲ ਗਾਇਣ ਬਣ ਜਾਣਾ ਪੰਥ ਅਤੇ ਸਮੁਚੇ ਸਮਾਜ ਦੀ ਅਤਿਅੰਤ ਘਾਤਕ ਬਣਦਾ ਜਾ ਰਿਹਾ ਹੈ। ਇਕ ਅੰਦਾਜੇ ਮੁਤਾਬਕ ਪੰਜਾਬ ਵਿਚ 25000 ਤੋਂ ਵਧ ਕੀਰਤਨੀ ਜਥੇ ਹੋਣਗੇ। ਜੇ ਇਹਨਾਂ ਵਿਚੋਂ ਦਸਵਾਂ ਹਿਸਾ ਭਾਵ 2500 ਵੀ ਚੰਗੇ ਜਥੇ ਮੰਨ ਲਈਏ ਤਾਂ ਇਹਨਾਂ 2500 ਦਾ ਦਸਵਾਂ ਹਿਸਾ ਵੀ ਕੀ ਵਿਚਾਰ ਅਤੇ ਪ੍ਰੇਮ ਨਾਲ ਕੀਰਤਨ ਕਰਨ ਵਾਲਾ ਹੈ? ਇਹ ਸੋਚਦਿਆਂ ਤੇ ਲਿਖਦਿਆਂ ਕਲਮ ਕੰਬ ਰਹੀ ਹੈ। ਫੁਰਮਾਨ ਹੈ:

ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥
ਸਬਦੈ ਸਾਦੁ ਨ ਪਾਇਓ ਮਨਹਠਿ ਕਿਆ ਗੁਣ ਗਾਇ॥

ਇਸ ਸਭ ਦਾ ਨਤੀਜਾ? ਪੰਜਾਬ ਇੱਕ ਚੌਰਾਹੇ ਤੇ ਖੜਾ ਜਾਪ ਰਿਹਾ ਹੈ। ਚੁਰਾਸੀ ਦਾ ਸੰਤਾਪ ਹਾਲੀਂ ਭੁੱਲਿਆ ਨਹੀਂ, ਹੁਣ ਨਸ਼ਿਆਂ, ਪਤਿਤਪੁਣਾ ਤੇ ਕੁੜੀਮਾਰ ਦਾ ਕਲੰਕ ਇਸਦੇ ਸਿਰ ਤੇ ਮੜਿਆ ਜਾ ਚੁੱਕਾ ਹੈ। ਕਿਤੇ ਬਾਹਰ ਜਾਈਏ ਤਾਂ ਸ਼ਰਮ ਆਉਣ ਲੱਗ ਪਈ ਹੈ ਇਹ ਦੱਸਣ ਵਿਚ ਕਿ ਅਸੀਂ ਪੰਜਾਬ ਤੋਂ ਆਏ ਹਾਂ। ਲੋਕ ਠਾਹ ਜਿਹੇ ਸੁਆਲ ਪੁੱਛਦੇ ਹਨ – ਪੰਜਾਬ ਦਾ ਤਾਂ ਬੁਰਾ ਹਾਲ ਹੋ ਗਿਆ ਹੈ? ਰਾਜਨੀਤਿਕ ਤੌਰ ਤੇ ਇਸ ਗੱਲ ਨੂੰ ਨਕਾਰਿਆਂ ਵੀ ਜਾ ਰਿਹਾ ਹੈ। ਪਰ ਇੱਕ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਪੰਜਾਬ ਨੂੰ ਪੁਨਰ ਖੁਸ਼ਹਾਲੀ ਦੀ ਲੋੜ ਹੈ। ਕੁਝ ਕੁ ਨਿੱਕੇ-ਨਿੱਕੇ ਉੱਦਮਾਂ ਨਾਲ ਵੀ ਅਸੀਂ ਖੁਸ਼ਹਾਲੀ ਵੱਲ ਵੱਧ ਸਕਦੇ ਹਾਂ।ਜੇਕਰ ਅਸੀਂ ਫੌਰੀ ਧਿਆਨ ਦੇਈਏ, ਯਤਨਸ਼ੀਲ ਹੋਈਏ, ਵੱਧ ਤੋਂ ਵੱਧ ਪ੍ਰਚਾਰ ਕਰੀਏ ਤਾਂ ਸਥਿਤੀ ਬਦਲ ਸਕਦੀ ਹੈ।

ਪਦਾਰਥਵਾਦ ਦੀ ਇਸ ਦੌੜ ਵਿੱਚ ਮਨੁਖ ਵਿਸ਼ੇ ਵਿਕਾਰਾਂ ਦੀ ਜਕੜ ਵਿੱਚ ਬੁਰੀ ਤਰ੍ਹਾਂ ਫਸ ਰਿਹਾ ਹੈ। ਅਧਿਆਤਮ ਦੀ ਖੁਰਾਕ ਮਿਲਣੀ ਬੇਹੱਦ ਜ਼ਰੂਰੀ ਹੋ ਗਈ ਹੈ। ਸਾਰੇ ਪੱਛਮੀ ਮੁਲਕਾਂ ਵਿੱਚ ਹੁਣ ਨਾਮ ਸਿਮਰਨ ਦੀਆਂ ਗੱਲਾਂ ਜੋਰ ਪਕੜ ਰਹੀਆਂ ਹਨ। ਅਜਿਹੇ ਸਮੇਂ ਤੇ ਪੰਜਾਬ ਵਾਸੀ ਜੇਕਰ ਰੂਹਾਨੀਅਤ ਵੱਲ ਮੁੜ ਪੈਣ ਤਾਂ ਸਾਰੀਆਂ ਹੀ ਸਮੱਸਿਆਵਾਂ ਦੇ ਹੱਲ ਵੱਲ ਮੋੜਾ ਪੈ ਜਾਵੇਗਾ।

ਫਿਰ ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ ॥ਕਿਸ ਤਰ੍ਹਾਂ ਕੀਰਤੀ ਕਰੀਏ ?

ਕਾਰੀ ਏਹ ਕਰੇਹੁ

ਸਾਡੇ ਕੋਲ ਰੂਹਾਨੀਅਤ ਦਾ ਸੋਮਾ ਹੈ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਰ ਰੋਜ਼ ਗੁਰਬਾਣੀ ਦਾ ਸਹਿਜ ਪਾਠ ਆਪ ਕਰੀਏ। ਭਾਵੇਂ ਛੇ ਮਹੀਨੇ, ਸਾਲ ਬਾਅਦ ਭੋਗ ਪਾਈਏ। ਰੋਜ਼ਾਨਾ ਸਹਿਜ ਪਾਠ ਕਰੀਏ – ਵੀਚਾਰੀਏ – ਕਮਾਈਏ। ਗੁਰਬਾਣੀ ਵਿੱਚ ਇੱਕ ਵੀ ਫੁਰਮਾਨ ਅਜਿਹਾ ਨਹੀਂ ਹੈ ਕਿ ਅਖੰਡ ਪਾਠ ਕਰਾਈਏ ਤੇ ਸੁਖ ਮਿਲੇਗਾ।

ਸਗੋਂ ਹੁਕਮ ਹੈ ਕਿ ਆਪ ਪਾਠ ਕਰੀਏ। ਤੁਰਦੇ-ਫਿਰਦੇ, ਬੈਠਦੇ-ਉਠਦੇ, ਜਾਗਦੇ-ਸੌਂਦੇ, ਅੱਠੇ ਪਹਿਰ ਨਾਮ ਸਿਮਰਨ ਵਿੱਚ ਰੱਤੇ ਰਹੀਏ। ਨਿਤਨੇਮ ਸਟੀਕ ਤੋਂ ਵੀ ਕਰੀਏ। ਗੁਰਬਾਣੀ ਪ੍ਰੇਮ ਭਿੱਜੀ, ਖੋਜੀ ਬਿਰਤੀ ਨਾਲ ਵੀਚਾਰੀਏ - ਕਮਾਈਏ। ਅੰਮ੍ਰਿਤ ਵੇਲਾ ਸੰਭਾਲ ਕੇ ਹਰ ਵੇਲੇ ਅਨੰਦ - ਖੇੜੇ ਵਿੱਚ ਰਹੀਏ। ਇਸ ਸਭ ਵਿਚ ਕੀਰਤਨ ਸਰਵੋਤਮ ਮਾਧਿਅਮ ਹੈ। ਪਰ ਕਿਵ ਬਣੇ ਕੀਰਤਨ ਦਾ ਅਨੰਦ?

ਕਈ ਸਾਲ ਪਹਿਲਾਂ ਦੀ ਗੱਲ ਹੈ ਸਾਡੇ ਇਕ ਬੜੇ ਹੀ ਪਰਮ ਮਿੱਤਰ ਨੂੰ ਅਮਰੀਕਾ ਵਿਖੇ ਜਾਣ ਦਾ ਮੌਕਾ ਮਿਲਿਆ। ਵਾਪਸ ਆਉਣ ਤੇ ਉਨ੍ਹਾਂ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਜੋ ਅਨੰਦ ਅਮਰੀਕਾ ਵਿਚ ਕੀਰਤਨ ਕਰਨ ਦਾ ਆਇਆ ਉਹ ਪੰਜਾਬ ਵਿਚ ਕਦੇ ਨਹੀਂ ਆਇਆ। ਮੈਂ ਸਹਿਜ ਸੁਭਾਏ ਪੁੱਛ ਲਿਆ, "ਕਿਉਂ, ਉਥੇ ਡਾਲਰ ਮਿਲੇ ਇਸ ਲਈ?"

ਉਸ ਨੇ ਹੱਸ ਕੇ ਜੁਆਬ ਦਿੱਤਾ, "ਨਹੀਂ ਵੀਰ ਜੀ ! ਉਥੇ ਅਸੀਂ ਜਿਥੇ ਵੀ ਕੀਰਤਨ ਕਰਨ ਲਈ ਓਹ ਸਾਨੂੰ ਪਹਿਲਾਂ ਹੀ ਪੁੱਛ ਲੈਦੇਂ ਕਿ ਤੁਸੀਂ ਕਿਹੜੇ ਕਿਹੜੇ ਸ਼ਬਦਾਂ ਦਾ ਗਾਇਨ ਕਰੋਗੇ? ਤੇ ਹਰ ਵਾਰ ਉਨ੍ਹਾਂ ਸ਼ਬਦਾਂ ਅਤੇ ਅਰਥਾਂ ਦੇ ਕੰਪਿਊਟਰ ਪ੍ਰਿੰਟ ਕਢ ਕੇ ਸੰਗਤ ਵਿਚ ਵੰਡ ਦਿੰਦੇ। ਸਾਰੀ ਸੰਗਤ ਨਾਲ ਨਾਲ ਕੀਰਤਨ ਕਰਦੀ। ਹੌਲੀ ਹੋਲੀ ਅਸੀਂ ਵੀ ਅਰਥ ਵੀਚਾਰ ਕੇ ਕੀਰਤਨ ਕਰਨਾ ਅਰੰਭ ਕਰ ਦਿੱਤਾ। ਜੋ ਅਨੰਦ ਵੀਚਾਰ ਨਾਲ ਕੀਰਤਨ ਕਰਨ ਦਾ ਹੈ ਉਹ ਕੇਵਲ ਰਾਗ ਗਾਇਨ ਦਾ ਨਹੀਂ।"

ਇਸ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਵੀਚਾਰ ਨਾਲ ਕੀਰਤਨ ਕਰਨਾ ਸਾਡੀ ਸੋਚ ਨੂੰ ਕੇਵਲ ਹਲੂਣਦਾ ਜਾਂ ਰੁਸ਼ਨਾਉਂਦਾ ਹੀ ਨਹੀਂ ਸਗੋਂ ਪ੍ਰੇਮ ਅਤੇ ਅਨੰਦ ਨਾਲ ਸਰਸ਼ਾਰ ਕਰ ਦਿੰਦਾ ਹੈ। ਗੁਰ ਕੀ ਸੇਵਾ ਸਬਦਿ ਵੀਚਾਰ॥ ਸ਼ਬਦ ਦੀ ਵੀਚਾਰ ਕਰਨਾ ਵੀ ਗੁਰੂ ਦੀ ਸੇਵਾ ਹੈ। ਅਜਿਹੀ ਸੇਵਾ ਵਿਚ ਅਸੀਂ ਪਿਛੇ ਰਹਿ ਰਹੇ ਹਾਂ।

ਸੰਨ 2010 ਵਿਚ ਵੁਲਵਰਹੈਮਟਨ (ਇੰਗਲੈਂਡ) ਗੁਰਦੁਆਰਾ ਸਾਹਿਬ ਵਿਖੇ ਲੈਕਚਰ ਕਰਨ ਉਪਰੰਤ, ਉਥੋਂ ਦੇ ਪ੍ਰਧਾਨ ਸਾਹਿਬ ਮੈਨੂੰ ਦਫਤਰ ਵਿਖੇ ਲੈ ਗਏ। ਗੱਲਾਂ ਕਰਦਿਆਂ ਸਹਿਜ ਸੁਭਾਅ ਉਨ੍ਹਾਂ ਕਿਹਾ ਕਿ ਇੰਡੀਆ ਤੋਂ ਕੀਰਤਨੀਏ ਤੇ ਕਥਾ ਵਾਚਕ ਬੁਲਾਉਣ ਦਾ ਸਿਲਸਿਲਾ ਬਸ ਦਸ-ਵੀਹ ਸਾਲ ਹੋਰ ਚਲੇਗਾ। ਕਿਉਂ? ਕਿਉਂਕਿ ਇੰਡੀਆ ਤੋਂ ਆਉਣ ਵਾਲੇ ਕੀਰਤਨੀਏ ਸਾਰਾ ਦਿਨ ਜਾਂ ਤਾਂ ਆਪਣੇ ਕਮਰਿਆਂ ਵਿੱਚ ਸੁਤੇ ਰਹਿੰਦੇ ਹਨ ਜਾਂ ਘੁੰਮਣ ਫਿਰਨ ਤੁਰੇ ਰਹਿੰਦੇ ਹਨ। ਕੀਰਤਨ ਕਰਨ ਦੇ ਨੀਅਤ ਸਮੇਂ ਤੋਂ 15 ਮਿੰਟ ਪਹਿਲਾਂ ਆਉਂਦੇ ਹਨ ਤੇ ਕੀਰਤਨ ਕਰਕੇ ਤੁਰੰਤ ਕਮਰਿਆ ਵੱਲ ਹੋ ਤੁਰਦੇ ਹਨ। ਇਥੋਂ ਦੇ ਬੱਚੇ, ਨੌਜਵਾਨ, ਸੰਗਤਾਂ ਇਹ ਪਸੰਦ ਨਹੀਂ ਕਰਦੀਆਂ। ਉਨ੍ਹਾਂ ਦੀ ਆਸ ਹੁੰਦੀ ਹੈ ਕਿ ਨੀਅਤ ਸਮੇਂ ਤੋਂ ਇਲਾਵਾ ਵੀ ਉਹ ਸੰਗਤਾਂ ਨਾਲ ਪ੍ਰਚਾਰ ਦੀ, ਪੰਥ ਦਰਦ ਦੀ ਗੱਲ ਕਰਨ, ਬੱਚਿਆਂ ਨੂੰ ਕੀਰਤਨ ਸਿਖਾਉਣ, ਪ੍ਰਚਾਰ ਦੀ ਹੁੱਬ ਰੱਖਣ। ਇਸੇ ਲਈ ਹੁਣ ਇੱਥੋਂ ਦੇ ਵਸਨੀਕ ਆਪ ਕੀਰਤਨ ਕਰਨ ਲਗ ਪਏ ਹਨ। ਨਾਲ ਹੀ ਇੰਗਲਿਸ਼ ਭਾਸ਼ਾ ਵਿਚ ਨਿਪੁੰਨ ਹੋਣ ਕਰਕੇ ਉਹ ਵਿਆਖਿਆ ਵੀ ਇੰਗਲਿਸ਼ ਵਿਚ ਹੀ ਕਰਦੇ ਹਨ।

ਇਹ ਕਿਆਸ ਸੱਚ ਹੀ ਲੱਗ ਰਿਹਾ ਹੈ। ਜੇਕਰ ਸਾਡੇ ਕੀਰਤਨੀਆਂ ਵਿਚ ਚਾਉ ਨਾਲ ਕੀਰਤੀ ਕਰਨ ਤੇ ਉਤਸ਼ਾਹ ਨਾਲ ਪ੍ਰਚਾਰ ਕਰਨ ਦੀ ਲਹਿਰ ਨਾ ਚਲੀ ਤਾਂ ਸਮੇਂ ਨਾਲ ਅਜੋਕੇ ਸਾਰੇ ਗਾਇਕਾਂ ਨੂੰ ਪਛਤਾਉਣਾ ਪਵੇਗਾ, ਜੋ ਕੇਵਲ ਮਾਇਆ ਤੇ ਨਿੱਜ ਭਰਣ ਪੋਖਣ ਤੱਕ ਹੀ ਸੀਮਤ ਹਨ।ਰਾਗਬੱਧ ਕੀਰਤਨ ਦੀ ਲਹਿਰ ਅਰੰਭੀ ਸੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜੋ ਅੱਜ ਆਪਣਾ ਅਸਰ ਵਿਖਾ ਰਹੀ ਹੈ। ਗਾਇਣ ਵਿੱਚ ਉਚ ਮਾਪਦੰਡ ਸਥਾਪਿਤ ਹੋ ਚੱਕੇ ਹਨ ਤੇ ਹੋਰ ਖੋਜਾਂ ਅਤੇ ਸਿਖਲਾਈ ਤੰਤੀ ਸਾਜਾਂ ਦੇ ਰੂਪ ਵਿਚ ਸਾਹਮਣੇ ਪ੍ਰਤੱਖ ਹੋ ਰਹੀ ਹੈ।

ਛੁਪੇ ਰਹਿਣ ਦੀ ਚਾਹ

ਜਦ ਕੀਰਤਨ ਕੀਰਤੀ ਬਣ ਜਾਏਗਾ ਤਾਂ ਸਾਡੇ ਮਨ ਅੰਦਰ ਆਪਣੀ ਜੈ ਜੈਕਾਰ ਕਰਾਉਣ ਦੀ ਇੱਛਾ ਘੱਟਦੀ ਜਾਏਗੀ। ਹਰ ਮਨੁੱਖ ਦੀ ਇੱਛਾ ਹੁੰਦੀ ਹੈ ਕਿ ਸਾਰੇ ਉਸ ਦੀ ਤਾਰੀਫ ਕਰਨ। ਕੀਰਤਨੀਏ ਵੀ ਇੰਝ ਹੀ ਚਾਹੁੰਦੇ ਹਨ। ਬਾਣੀ ਦਾ ਫੁਰਮਾਨ ਹੈ:-

ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੮੦੮)

ਪਰ ਕੀਰਤੀ ਕਰਨ ਵਾਲੇ ਵਿਚ ਛੁਪਣ ਦੀ ਇੱਛਾ ਬਣੇਗੀ। ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥ ਦੀ ਅਗੰਮੀ ਵਿਚਾਰ ਸਾਨੂੰ ਪ੍ਰਗਟ ਹੋਣ ਦੀ ਇੱਛਾ ਤੋਂ ਹੋੜ੍ਹ ਲਵੇਗੀ। ਫਿਰ ਐਉਂ ਲੱਗੇਗਾ ਕਿ ਜੇ ਅਜ ਮੈਨੂੰ 100 ਵਿਅਕਤੀ ਜਾਣਦੇ ਹਨ ਤੇ ਕੱਲ ਨੂੰ 200 ਜਾਂ 500 ਜਾਣ ਲੈਣਗੇ ਤਾਂ ਕੀ ਹੋ ਜਾਵੇਗਾ? ਫਿਰ ਅਜਿਹਾ ਜੀਵ ਆਪਣੇ ਆਪ ਨੂੰ ਆਪ ਹੀ ਅੱਗੇ ਲਿਆਉਣ ਦਾ ਯਤਨ ਨਹੀਂ ਕਰੇਗਾ। ਸਗੋਂ ਪਿਛੇ ਰਹਿਣ ਦੀ ਲਾਲਸਾ ਜਾਗੇਗੀ। ਜਦ ਸਚਮੁਚ ਵਡਿਆਈਆਂ ਲੈਣ ਦੀ ਇੱਛਾ ਦਾ ਖੁਰਾ ਖੋਜ ਹੀ ਮਨ ਵਿਚੋਂ ਮਿਟ ਜਾਏਗਾ ਤਾਂ

ਸਹਸਕ੍ਰਿਤੀ ਸਲੋਕ ਅਨੁਸਾਰ ਪਾਛੰ ਕਰੋਤਿ ਅਗ੍ਰਣੀਵਹ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੫੫) ਅਜਿਹੇ ਪਿੱਛੇ ਰਹਿਣ ਦੀ ਇੱਛਾ ਵਾਲੇ ਜੀਉੜਿਆਂ ਨੂੰ ਅਕਾਲ ਪੁਰਖ ਆਪ ਹੀ ਅੱਗੇ ਕਰ ਦੇਵੇਗਾ । ਦੂਜੇ ਪਾਸੇ ਜੋ ਵਡਿਆਈਆਂ ਲੈਣ ਦੇ ਮਗਰ ਭਜਦੇ ਰਹਿਣਗੇ ਉਹ ਬਹੁਤ ਕੁਝ ਪਾ ਕੇ ਵੀ ਮਨੋਂ ਹੋਲੇ ਹੀ ਹੋਣਗੇ ਤੇ ਘਬਰਾਹਟਾਂ ਦੇ ਹੌਲ ਉਨ੍ਹਾਂ ਨੂੰ ਪੈਂਦੇ ਹੀ ਰਹਿਣਗੇ।

ਪਉੜੀਆਂ

ਪਰ ਇਹ ਅਧਿਆਤਮਕ ਮਾਰਗ ਸਿੱਧਾ ਪੱਧਰਾ ਰਾਹ ਨਹੀਂ, ਮਾਰਗ ਬਿਖਮ ਹੈ। ਇਸ ਰਾਹ ਵਿਚ ਪਉੜੀਆਂ ਹੁੰਦੀਆਂ ਹਨ ਤੇ ਮਿਹਨਤ ਲੱਗਦੀ ਹੈ ਪਉੜੀਆਂ ਚੜਨ ਵਿੱਚ। ਸਿੱਧਾ ਸਪਾਟ ਤਾਂ ਭਾਵੇਂ ਕਾਫੀ ਵਾਟ ਚੱਲੀ ਜਾ ਸਕਦੀ ਹੈ ਪਰ ਚੜਾਈ ਚੜਣ ਲੱਗਿਆਂ ਤਾਂ ਥੋੜੇ ਸਮੇਂ ਵਿੱਚ ਹੀ ਬਹੁਤਿਆਂ ਦੀ ਬਸ ਹੋ ਜਾਂਦੀ ਹੈ।

ਇਕ ਦਿਨ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਮਨ ਜੁੜਿਆ ਹੀ ਨਹੀਂ। ਬਾਰ ਬਾਰ ਵਿਚਾਰ ਆਂਦਾ ਰਿਹਾ ਕਿ ਇਸ ਬਾਣੀ ਵਿੱਚ 38 ਪਉੜੀਆਂ ਹਨ। ਪਉੜੀਆਂ, ਪਉੜੀਆਂ, ਪਉੜੀਆਂ……। ਭਾਵ ਇਕ ਹੀ ਥਾਂ ਤੇ ਖੜ੍ਹੇ ਨਹੀਂ ਰਹਿਣਾ ਸਗੋਂ ਅਗਲੇ ਤੋਂ ਅਗਲੀ ਪਉੜੀ ਚੜ੍ਹਨੀ ਹੈ। ਅਧਿਆਤਮਕ ਮਾਰਗ ਤੇ ਚੜਦਿਆਂ ਹਰ ਪਉੜੀ ਅੰਤਿਮ ਹੀ ਲੱਗਦੀ ਹੈ। ਜਾਪਦੈ – ਜੋ ਮੈਂ ਭਾਲ ਰਿਹਾ ਸੀ ਉਹ ਮਿਲ ਗਿਆ ਹੈ ਤੇ ਇਹ ਹੁਣ ਅੰਤਿਮ ਸੱਚ ਹੈ।

ਜਦੋਂ ਗੁਰਦੁਆਰੇ ਨਹੀਂ ਸੀ ਜਾਂਦਾ ਤਾਂ ਲੱਗਦਾ ਸੀ ਕਿ ਜੇ ਗੁਰਦੁਆਰੇ ਜਾਣ ਦੀ ਰੁਟੀਨ ਬਣ ਜਾਵੇ ਤਾਂ ਕਿੰਨਾ ਚੰਗਾ ਹੋਵੇ। ਬਣ ਗਈ। ਹਰ ਰੋਜ਼ ਨੇਮ ਨਾਲ ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਜਾਵਾਂ। ਵਾਹ ਜੀ ਵਾਹ! ਲੱਗਦਾ ਸੀ ਕਿ ਇਹ ਸਭ ਕੁੱਝ ਹੈ।ਪਰ ਕੁੱਝ ਚਿਰਾਂ ਮਗਰੋਂ ਪਤਾ ਲੱਗਾ ਕਿ ਕੇਵਲ ਜਾਣਾ ਹੀ ਜ਼ਰੂਰੀ ਨਹੀਂ। ਪਾਠ ਕਰਨਾ ਚਾਹੀਦਾ ਹੈ। ਹੌਲੀ-ਹੌਲੀ ਪਾਠ ਕਰਨ ਦੀ ਰੁਟੀਨ ਬਣਨ ਲੱਗ ਪਈ। ਵਾਹ! ਬੜਾ ਮਜ਼ਾ ਆਉਂਦਾ ਸੀ ਪਾਠ ਕਰਨ ਦਾ। ਸਹਿਜੇ-ਸਹਿਜੇ ਨਿਤਨੇਮ ਕਰਨ ਦੀ ਆਦਤ ਪੈਣ ਲੱਗ ਪਈ। ਲੱਗਦਾ ਸੀ ਜੋ ਨਿਤਨੇਮ ਕਰਦਾ ਹੈ ਬਸ ਉਹ ਪ੍ਰਵਾਨ ਹੈ। ਇਹ ਹੀ ਅੰਤਿਮ ਸੱਚ ਹੈ। ਅੰਤਿਮ ਪੜਾਅ ਹੈ।ਪਰ ਨਹੀਂ, ਕੁਝ ਚਿਰਾਂ ਪਿੱਛੋਂ ਸਮਝ ਮਿਲੀ ਕਿ ਨਿਤਨੇਮ ਕਰਨਾ ਹੀ ਨਹੀਂ ਵਿਚਾਰਨਾ ਵੀ ਹੈ। ਪਤਾ ਤੇ ਲੱਗੇ ਕਿ ਜੋ ਮੈਂ ਪੜ ਰਿਹਾ ਹਾਂ ਉਸਦੇ ਅਰਥ ਕੀ ਹਨ, ਮੈਂ ਕੀ ਅਰਦਾਸ ਕਰ ਰਿਹਾ ਹਾਂ, ਮੈਂ ਪ੍ਰਮਾਤਮਾ ਦੇ ਕਿਹੜੇ ਗੁਣ ਗਾ ਰਿਹਾ ਹਾਂ। ਇਸ ਅਵਸਥਾ ਤੇ ਲਗਨ ਲੱਗ ਗਈ।

ਅਨਦਿਨ ਕੀਰਤਨ / ਆਠ ਪਹਰ ਗੁਣ ਗਾਇਣ ਕਰਨੇ:

ਗੁਰਬਾਣੀ ਫੁਰਮਾਨ ਹੈ:-

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥ ਆਠ ਪਹਰ ਤੇਰੇ ਗੁਣ ਗਾਇਆ॥
ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੦੬)।

ਇਕ ਦਿਨ ਵਿਚ ਅੱਠ ਪਹਰ ਮੰਨੇ ਜਾਂਦੇ ਹਨ। ਭਾਵ ਹਰ 3 ਘੰਟੇ ਬਾਅਦ ਨਵਾਂ ਪਹਿਰ ਅਰੰਭ ਹੋ ਜਾਂਦਾ ਹੈ। ਅਠ ਪਹਰ ਭਾਵ 24 ਘੰਟੇ ਗੁਣ ਗਾਈਏ। ਕਿਉਂ ? ਇੰਝ ਕਈ 24 ਘੰਟੇ ਗੁਣ ਗਾਉਣੇ ਤੰਤੀ ਸਾਜਾਂ ਜਾਂ ਵਾਜੇ ਤਬਲੇ ਨਾਲ ਤਾਂ ਸੰਭਵ ਨਹੀਂ। ਫਿਰ? ਸਪਸ਼ਟ ਹੈ ਕਿ ਇਥੇ 'ਗਾਈਏ' ਸਿਰਫ 'ਗਾਇਣ' ਦੇ ਸੰਦਰਭ ਵਿਚ ਹੀ ਨਹੀਂ ਹੈ। ਸਗੋਂ ਗਾਈਏ ਦਾ ਭਾਵ ਹੈ ਮਨਸਾ, ਵਾਚਾ, ਕਰਮਨਾ ਯਾਦ ਕਰਨਾ। ਕੇਵਲ ਵਾਚਕ ਕਰਮ ਨਹੀਂ ਸਗੋਂ ਮਨ ਕਰਕੇ ਯਾਦ ਕਰਨਾ ਅਤੇ ਚੰਗੇ ਕਰਮ ਕਰਨ ਨਾਲ ਵੀ ਗੁਣ ਗਾਏ ਜਾਂਦੇ ਹਨ। ਪਰਮਾਤਮਾ ਗੁਣਾਂ ਦਾ ਸਾਗਰ ਹੈ। ਸਾਰੇ ਗੁਣ ਉਸ ਵਿਚੋਂ ਹੀ ਉਪਜਦੇ ਹਨ **(God is the source of all virtues)** । ਉਸਦੀ ਕੀਰਤੀ ਕਰਨ ਵਾਲਾ ਇਸ ਗੁਣ ਸਾਗਰ ਵਿਚੋਂ ਗੁਣ ਗ੍ਰਹਿਣ ਕਰਨ ਲੱਗ ਪੈਂਦਾ ਹੈ। ਜਿਵੇਂ ਜਿਵੇਂ ਗੁਣ ਵਧਦੇ ਹਨ ਅਵਗੁਣ ਘਟੀ ਜਾਂਦੇ ਹਨ।

ਸਾਡਾ ਕੀਰਤਨ ਗਾਵਿਆ ਤੇ ਸੁਣਿਆ ਥਾਇ ਪੈ ਰਿਹਾ ਹੈ ਕਿ ਨਹੀਂ? ਇਹ ਜਾਨਣਾ ਬੜਾ ਹੀ ਸੁਖੈਨ ਹੈ। ਜੇ ਕੀਰਤੀ ਕਰਦਿਆਂ ਕਰਦਿਆਂ ਮੇਰੇ ਗੁਣ ਵਧ ਰਹੇ ਹਨ ਤਾਂ ਸਮਝੋ ਕੀਤੀ ਭਗਤੀ ਥਾਇ ਪੈ ਰਹੀ ਹੈ ਜੇ ਨਹੀਂ ਤਾਂ? ਜੇ ਨਹੀਂ! ਤਾਂ ਸਮਝੀਏ ਕੇਵਲ ਕੰਠ ਤੇ ਕਰਨ ਹੀ ਆਪਣੀ ਕਾਰਵਾਈ ਪਾ ਰਹੇ ਹਨ।

ਸਾਜਾਂ ਰਾਹੀਂ ਕੀਰਤਨ ਕਰਦਿਆਂ ਕਰਦਿਆਂ ਅਸਲ ਵਿਚ ਅਸੀਂ 'ਸਹਿਜ ਭਾਇ ਗੁਣ ਗਾਇ॥' ਦੀ ਅਵਸਥਾ ਤੇ ਪੁਜਣਾ ਹੈ। ਜਦੋਂ ਸਾਡੇ ਸੁਭਾਗੇ ਘਰ ਵਿਚ 'ਵਾਜੇ ਪੰਚ ਸਬਦਿ' ਦੀ ਅਵਸਥਾ ਬਣ ਜਾਏਗੀ। ਜਦੋਂ ਅਸੀਂ ਗੁਰਬਾਣੀ ਪੜ੍ਹਦੇ-ਸੁਣਦੇ ਹਾਂ ਕਿ 'ਕਲਿਜੁਗ ਮਹਿ ਕੀਰਤਨ ਪਰਧਾਨਾ' ਤਾਂ ਸਾਡੇ ਮਨ ਵਿਚ ਵਾਜੇ ਤਬਲੇ ਜਾਂ ਤੰਤੀ ਸਾਜਾਂ ਨਾਲ ਕੀਰਤਨ ਕਰਨ ਦਾ ਰੂਪ ਨਜ਼ਰੀ ਪੈਂਦਾ ਹੈ। ਪਰ ਕੀਰਤੀ ਸਾਜਾਂ ਤੋਂ ਬਿਨਾਂ ਵੀ ਸੰਭਵ ਹੈ।

ਆਰੰਭਤਾ ਸਾਜਾਂ ਨਾਲ ਹੈ ਪਰ ਅਨਦਿਨ ਕੀਰਤਨ ਤੇ ਆਠ ਪਹਰ ਗੁਣ ਸਾਜਾਂ ਨਾਲ ਸੰਭਵ ਨਹੀਂ। ਇਹ ਅਨਦਿਨ ਕੀਰਤਨ ਪ੍ਰਭੂ ਸਿਮਰਨ ਦਾ ਹੈ, ਖੇੜੇ ਦਾ ਹੈ।

ਗਾਇਣ ਰਾਹੀਂ ਕੀਰਤੀ ਸਰਵੋਤਮ ਹੈ ਪਰ ਗੁਰਬਾਣੀ ਵਿਚ ਕੇਵਲ 'ਸਬਦ ਗਾਵਣ' ਤੇ 'ਸਬਦੁ ਵਜਾਇਆ' ਦੀ ਹੀ ਗਲ ਨਹੀਂ ਸਗੋਂ ਹੋਰ ਵੀ ਬਹੁਤ ਰੂਪ ਹਨ। ਜਿਵੇਂ:- 'ਸਬਦੁ ਸੁਣੀ', 'ਸਬਦੁ ਸੁਣਾਇਆ', 'ਸਬਦੁ ਕਥਿ', 'ਸਬਦੁ ਜਪਿ', 'ਸਬਦੁ ਲਿਖਾਈਐ'। ਉਪਰੰਤ 'ਸਬਦੁ ਪਛਾਨੁ', 'ਸਬਦੁ ਚੀਨਿ', 'ਸਬਦੁ ਵੀਚਾਰਿ', ਸਬਦੁ ਕਮਾਈਐ, ਸਬਦਿ ਸਲਾਹੀ, ਸਬਦੁ ਸਮਾਲਿ, ਸਬਦੁ ਬੁਝਾਏ, ਸਬਦੁ ਪਾਵੈ, ਸਬਦੁ ਧਿਆਇਆ, ਸਬਦੁ ਸੀਗਾਰੁ, ਸਬਦੁ ਬਸਾਵੈ, ਸਬਦੁ ਵਸੈ, ਸਬਦੁ ਰਸਾਲੁ, ਸਬਦਿ ਸਵਾਰਣਹਾਰੁ, ਸਬਦਿ ਸਮਾਣਿਆ, ਸਬਦੁ ਸੰਜੋਈ, ਸਬਦੁ ਸੁਭਾਖਿਆ, ਸਬਦੁ ਰਵਈਆ, ਸਬਦੁ ਨੀਸਾਣਿਆ, ਸਬਦੁ ਰਵੈ, ਸਬਦੁ ਅਨੰਦੁ, ਸਬਦੁ ਅਚਾਰੁ, ਸਬਦਿ ਪਰੋਵੈ, ਸਬਦਿ ਰਤੇ...ਆਦਿ ਅਨੇਕਾਂ ਰੂਪ ਹਨ।ਇੰਝ 'ਸ਼ਬਦ ਅਨੰਦ ਦੀਆਂ ਵਖ ਵਖ ਅਵਸਥਾਵਾਂ ਤੇ ਪੁਜਿਆ ਜਾ ਸਕਦਾ ਹੈ। ਸੰਖੇਪ ਵਿਚ ਰਸਮਈ ਕੀਰਤਨ ਦੇ ਪੰਜ ਰੂਪ ਮਿਥੇ ਜਾ ਸਕਦੇ ਹਨ:-

1. ਕੀਰਤਨ - ਸ੍ਰਵਣ
2. ਕੀਰਤਨ - ਸ੍ਰਵਣ ਅਨੰਦ ਤੇ ਮਹਾ ਅਨੰਦ
3. ਕੀਰਤਨ - ਸ੍ਰਵਣ, ਵੀਚਾਰ, ਅਨੰਦ
4. ਕੀਰਤਨ - ਸ੍ਰਵਣ-ਵਿਚਾਰ, ਅਨੰਦ, ਕਮਾਈ
5. ਕੀਰਤਨ - ਸ੍ਰਵਣ-ਵਿਚਾਰ-ਕਮਾਇਣ-ਸਮਾਇਣ

ਖਿੜ ਕੇ ਕੀਰਤਨ ਕਰੀਏ, ਖਿੜ ਕੇ ਕੀਰਤਨ ਸੁਣੀਏ

ਕੀਰਤਨ ਦੇ ਰਸਮਈ ਰੂਪ ਦਾ ਅਨੰਦ ਭੁੰਚਣ ਲਈ ਅਨਦਿਨ ਵਿਚਾਰ-ਵਿਚਾਰ ਕੇ, ਖਿੜ-ਖਿੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸਹਿਜ ਪਾਠ ਆਪ ਕਰੀਏ। ਸੰਗੀ ਜਨਾਂ ਨਾਲ ਰੋਜ਼ ਦੇ ਅਨੁਭਵ ਸਾਂਝੇ ਕਰੀਏ। ਸ਼ਰਧਾ ਤੇ ਪ੍ਰੇਮ ਨਾਲ ਓਤਪੋਤ ਹੋ ਕੇ ਗਿਆਨ ਖੜ੍ਹਗ ਧਾਰਨ ਕਰੀਏ। ਗੁਰਬਾਣੀ ਦੇ ਸ਼ਬਦ ਜੋੜਾਂ ਨੂੰ ਵੇਖਣ, ਪਰਖਣ ਤੇ ਮਾਨਣ ਦੀ ਆਦਤ ਪਾਈਏ। ਸੰਨ 2002 ਵਿਚ ਪੰਜਾਬ ਵਿਚ ਆਰੰਭ ਹੋਈ ਸਹਿਜ ਪਾਠ ਲਹਿਰ ਵਿਚ ਬਚਿਆਂ ਨੂੰ ਪਾਠ ਕਰਨ ਦੇ ਪੰਜ ਢੰਗ ਦੱਸੇ ਗਏ ਸੀ । ਇਹਨਾਂ ਪੰਜ ਢੰਗਾਂ ਨਾਲ ਪਾਠ ਕਰਨ ਵਿਚ ਬੱਚਿਆਂ ਦੇ ਜੀਵਨ ਵਿਚ ਅਗੰਮੀ ਬਦਲਾਅ ਆਏ।

1. ਬੋਲ-ਬੋਲ ਕੇ
2. ਰੁਕ-ਰੁਕ ਕੇ
3. ਸਮਝ-ਸਮਝ ਕੇ
4. ਮੁਸਕੁਰਾ-ਮੁਸਕੁਰਾ ਕੇ
5. ਬਾਰ-ਬਾਰ

ਇਹਨਾਂ ਵਿੱਚੋਂ ਚੋਥਾ ਢੰਗ ਮੁਸਕੁਰਾ-ਮੁਸਕੁਰਾ ਕੇ ਪਾਠ ਕਰਨਾ ਸਭ ਤੋਂ ਔਖਾ ਹੈ ਜਾਂ ਤੇ ਇਹ ਯਾਦ ਹੀ ਨਹੀਂ ਆਂਦਾ ਜਾਂ ਸ਼ੁਰੂ ਕਰਨ ਉਪਰੰਤ ਫਿਰ ਭੁਲ ਜਾਂਦਾ ਹੈ। ਹੁਣ ਮੈਨੂੰ ਲੱਗਦਾ ਹੈ ਕਿ ਸਾਨੂੰ ਕੀਰਤਨ ਵੀ ਮੁਸਕੁਰਾ ਕੇ ਕਰਨਾ ਤੇ ਸੁਣਨਾ ਚਾਹੀਦਾ ਹੈ। ਖਿੜ੍ਹ ਕੇ ਕੀਰਤਨ ਕਰਨਾ ਉਚੇ ਅਧਿਆਤਮਕ ਮੰਡਲ ਦੀਆਂ ਸੈਰਾਂ ਵਾਂਗ ਬਣ ਜਾਂਦਾ ਹੈ।

ਜਿੱਥੇ ਖਿੜ੍ਹ ਕੇ ਕੀਰਤਨ ਕਰਨ ਦੀ ਗੱਲ ਹੈ ਉਥੇ ਖਿੜ੍ਹ ਕੇ, ਮੁਸਕੁਰਾ ਕੇ ਕੀਰਤਨ ਸੁਣਨ ਨਾਲ ਵੀ ਘਣਾ ਅਨੰਦ ਬਣ ਜਾਂਦਾ ਹੈ। ਕਹਿੰਦੇ ਹਨ – **It is not the position but disposition that matters.** ਭਾਵ ਤੁਹਾਡੀ ਪਰਿਸਥਿਤੀ ਨਹੀਂ ਸਗੋਂ ਮਨੋਸਥਿਤੀ ਜਿਆਦਾ ਜਰੂਰੀ ਹੈ। ਜੇ ਮਨ ਬਲਵਾਨ ਹੈ ਤਾਂ ਮੁਸ਼ਕਿਲਾਂ ਛੋਟੀਆਂ ਹੋ ਜਾਂਦੀਆਂ ਹਨ। ਜੇ ਮਨ ਖਿੜ੍ਹ ਕੇ ਕੀਰਤਨ ਸੁਣਦਾ ਹੈ ਤਾਂ ਚਹੁ ਉਮਾਹਾ ਹੋ ਜਾਂਦਾ ਹੈ। ਰਸਾਲਾ ਪਿਰ ਵੀ ਮਿਲ ਜਾਂਦਾ ਹੈ।

- ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੮)
- ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 373)

- ਹੋਵੈ ਸੁਖੁ ਘਣਾ ਦਯਿ ਧਿਆਇਐ ॥ ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 520)

ਪ੍ਰੋਫੈਸਰ ਜਰਨਲਿਜ਼ਮ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

---

# "ਕਿਰਤਿ ਕਰਮ ਕੇ ਵੀਛੁੜੇ"

Bably S. Singh, Ludhiana

ਮਨੁਖਾ ਜੂਨ ਬੜੇ ਹੀ ਅਛੇ ਕਰਮਾਂ ਵਾਲੇ ਨੂੰ ਪ੍ਰਾਪਤ ਹੁੰਦੀ ਹੈ। ਚੁਰਾਸੀ ਲਖ ਜੂਨਾਂ ਵਿਚੋਂ ਸਭ ਤੋਂ ਸਰਵੋਤਮ ਮਨੁੱਖਾ ਜੂਨ, ਪਰਮਾਤਮਾ ਦੀ ਬਖਸ਼ਿਸ਼ ਨਾਲ ਹੀ ਮਿਲਦੀ ਹੈ। ਇਸੇ ਜੂਨੀ ਵਿਚ ਹੀ ਬਹੁਤ ਹੀ ਅਛੇ ਕਰਮਾਂ ਦੇ ਸਦਕੇ, ਆਤਮਾ ਤੇ ਪਰਮਾਤਮਾ ਦਾ ਮਿਲਾਪ ਸੰਭਵ ਹੋ ਸਕਦਾ ਹੈ।

ਉਸ ਪਰਮਾਤਮਾ ਦੇ ਨਾਲ ਮਿਲਾਪ ਲਈ ਸਾਨੂੰ ਕਿਸੇ ਕਿਸਮ ਦੇ ਦੁਨਿਆਵੀ ਹਾਰ ਸ਼ਿੰਗਾਰ ਦੀ ਲੋੜ ਨਹੀਂ ਹੁੰਦੀ। ਗੁਰਬਾਣੀ ਅਨੁਸਾਰ " ਕੀਓ ਸਿੰਗਾਰ ਮਿਲਣ ਕੈ ਤਾਈ।ਹਰਿ ਨ ਮਿਲੈ ਜਗਜੀਵਨ ਗੁਸਾਈ"। ਪ੍ਰਭੂ ਨਾਲ ਇਕਮਿਕ ਹੋਣ ਲਈ ਸਾਨੂੰ ਆਪਣੇ ਜੀਵਨ ਨੂੰ ਸੰਵਾਰਨਾ ਪੈਂਦਾ ਹੈ। ਆਤਮਾ ਨੂੰ ਤਰਾਸ਼ਣਾ ਪੈਂਦਾ ਹੈ। ਅਸੀਂ ਆਪਣੇ ਮਾੜੇ ਕਰਮਾਂ ਕਰਕੇ ਪ੍ਰਭੂ ਤੋਂ ਵਿਛੜੇ ਹੋਏ ਹਾਂ। ਦੁਨਿਆਵੀ ਰੰਗੀਨੀਆਂ ਨੇ ਸਾਨੂੰ ਸਾਡੇ ਮੂਲ ਤੋਂ ਤੋੜਿਆ ਹੋਇਆ ਹੈ। ਅਸੀਂ ਪੰਜ ਸ਼ੈਤਾਨਾਂ ਦੇ ਵਸ ਵਿਚ ਫਸ ਕੇ ਲਾਲਸਾਵਾਂ ਦੀ ਖਾਤਰ , ਬਾਰ ਬਾਰ ਭਟਕਦੇ ਹਾਂ, ਗਲਤੀਆਂ ਕਰਦੇ ਹਾਂ। ਫਿਰ ਸਾਰੀ ਜ਼ਿੰਦਗੀ ਇਸ ਜਨਮ ਦੇ ਕਰਮਾਂ ਤੇ ਪੂਰਬਲੇ ਕਰਮਾਂ ਦੇ ਲੇਖੇ ਦਿੰਦਿਆਂ ਗੁਜ਼ਰ ਜਾਂਦੀ ਹੈ। ਕਿਉਂ ਕਿ ਪੂਰਬਲੇ ਕਰਮ ਵੀ ਨਾਲ ਹੀ ਰਹਿੰਦੇ ਹਨ। ਅਸਲ ਵਿੱਚ ਕੋਈ ਵਿਰਲਾ ਹੀ, ਪ੍ਰਭੂ ਨਾਲ ਦਿਲੋਂ ਜੁੜਿਆ ਹੋਇਆ ਹੈ।ਵਰਨਾ ਅਸੀਂ ਪਰਮਾਤਮਾ ਤੋਂ ਬਹੁਤ ਦੂਰ ਹਾਂ। ਪੁੰਨ ਦਾਨ, ਪਾਠ ਪੂਜਾ, ਮਹਿਜ਼ ਦਿਖਾਵਾ ਬਣਕੇ ਰਹਿ ਗਏ ਹਨ। ਪਾਠ ਪੂਜਾ ਤਾਂ ਹਰ ਕੋਈ ਕਰ ਲੈਂਦਾ ਹੈ।ਪਰ ਇਹ ਸਭ ਸਿਰਫ ਜ਼ਬਾਨ ਤਕ ਜਾਂ ਸੰਘੇ ਤਕ ਹੀ ਹੈ। ਅੰਦਰ ਤੱਕ ਕਿਸੇ ਵਿਰਲੇ ਦੇ ਹੀ ਜਾਂਦਾ ਹੈ। ਜਿਸਨੇ ਅੰਦਰ ਵਸਾ ਲਿਆ ਫਿਰ ਉਹ ਪ੍ਰਭੂ ਨਾਲ ਇਕਮਿਕ ਹੋ ਗਿਆ। ਉਸਦੇ ਲਈ ਸਾਨੂੰ ਆਤਮਕ ਤੋਰ ਤੇ ਬਹੁਤ ਉਚੇ ਉਠਣਾ ਪੈਂਦਾ ਹੈ। Tragedy ਇਹ ਹੈ ਕਿ ਸਾਡੇ ਕਰਮ ਸਾਨੂੰ ਉਸ ਨਾਲ ਜੁੜਨ ਨਹੀਂ ਦੇਂਦੇ। ਗੁਰਬਾਣੀ ਅਨੁਸਾਰ " ਪਿਰਹਿ ਦੋਸ ਨਾਹੀ ਸੁਖਦਾਤੇ ਹਉ ਵਿਛੁੜੀ ਬੁਰਿਆਰੇ।" ਕਿਸੇ ਦਾ ਵੀ ਦੋਸ਼ ਨਹੀਂ ਹੁੰਦਾ। ਸਾਡੇ ਕਰਮ ਸਾਡੇ ਅਗੇ ਆ ਖੜ੍ਹੇ ਹੁੰਦੇ ਹਨ।

ਅਸੀਂ ਹੰਕਾਰ ਵਿੱਚ ਡੁੱਬੇ ਹੋਏ ਹਾਂ। "ਗਰਬ ਬਡੋ ਮੂਲ ਇਤਨੋ" ਪਵਿਤਰ ਗੁਰਬਾਣੀ ਕਹਿੰਦੀ ਹੈ" ਹਉਮੈ ਨਾਵੈ ਨਾਲ ਵਿਰੋਧੁ ਹੈ। ਦੋਇ ਨ ਵਸੈ ਇਕ ਠਾਇ"। ਕਿਸੇ ਦੇ ਅੰਦਰ ਜਮੀਨ ਜਾਇਦਾਦ ਦਾ, ਰੁਤਬਿਆਂ ਦੀ ਸ਼ਾਨੋ-ਸ਼ੌਕਤ ਦਾ ਹੰਕਾਰ ਹੈ।ਪਰਾਈ ਨਿੰਦਾ ,ਈਰਖਾ ਬੰਦੇ ਦੀ ਕਮਜ਼ੋਰੀ, ਤੇ ਹੰਕਾਰ ਦੀ ਖੁਰਾਕ ਹੁੰਦੀ ਹੈ। ਇਹ ਸੁਆਦ ਜੋ ਪੈ ਗਏ, ਹੁਣ ਛੁਟਦੇ ਨਹੀਂ। ਬਿਲਕੁਲ ਉਵੇਂ ਜਿਵੇਂ ਸ਼ੇਰ ਦੇ ਮੂੰਹ ਤੋਂ ਮਾਸ ਤੇ ਖ਼ੂਨ ਦਾ ਸੁਆਦ ਨਹੀਂ ਛੁਟ ਸਕਦਾ। ਸੰਗਤ ਵਿੱਚ ਬੈਠ ਕੇ,

ਉਚੀ ਉਚੀ ਹੇਕਾਂ ਲਾਕੇ ਗਾਂਦੇ ਹਾਂ" ਮੰਦਾ ਚੰਗਾ ਆਪਣਾ ,ਆਪੇ ਹੀ ਕੀਤਾ ਪਾਵਣਾ"। ਫਿਰ ਗਾਂਦੇ ਹਾਂ ਕਿ" ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉਂ ਘਾਲੀਐ" । ਪਰ ਫਿਰ ਬੁਰਾ ਕਰਨ ਲਗਿਆਂ ਇਹ ਪਵਿੱਤਰ ਤੁਕਾਂ ਭੁਲ ਜਾਂਦੇ ਹਾਂ। ਤੇ ਫਿਰ ਕੀ ਹੁੰਦਾ ਹੈ" ਕਰਿ ਅਉਗਣ ਪਛੋਤਾਵਣਾ।" ਗਲ ਉਥੇ ਹੀ ਆ ਜਾਂਦੀ ਹੈ "ਪਿਰਹਿ ਦੋਸ ਨਾਹੀਂ ਸੁਖਦਾਤੇ ਹਉ ਵਿਛੜੀ ਬੁਰਿਆਰੇ।"।

ਹਰ ਮਹੀਨੇ ਸੰਗਰਾਂਦ ਦੇ ਦਿਨ ਗੁਰਦੁਆਰੇ ਜਾਈਦਾ ਹੈ ਅਖਾਂ ਮੀਚ ਕੇ ,ਚੋਂਕੜੀ ਮਾਰ ਕੇ ,ਸਿਰ ਹਿਲਾ ਹਿਲਾ ਕੇ ਮਹੀਨਾ ਪੜਦੇ ਹਾਂ ਸੁਣਦੇ ਹਾਂ" ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ"। ਤੇ ਮਹੀਨਾ ਮਨਾ ਲੈਂਦੇ ਹਾਂ। ਸਾਡੀ ਅਰਦਾਸ ਸਿਰਫ ਇਹੀ ਹੁੰਦੀ ਹੈ ਕਿ ਮਹੀਨਾ ਸੁਖ ਦਾ ਬੀਤੇ, ਖੁਸ਼ੀਆਂ ਭਰਿਆ ਬੀਤੇ। ਕੀ ਕਦੀ ਵੀ ਅਸੀਂ ਦਾਤੇ ਅਗੇ ਇਹ ਤਰਲਾ ਵੀ ਕੀਤਾ ਹੈ, ਕਿ ਅਸੀਂ ਕਿਰਤਿ ਕਰਮ ਕੇ ਵੀਛੁੜੇ ਹਾਂ ਵਾਹਿਗੁਰੂ ਜੀ ਸਾਨੂੰ ਬਖਸ਼ ਕੇ ਗਲੇ ਲਗਾ ਲਵੋ। ਕੀ ਕਦੀ ਤੜਫ ਕੇ ਫਰਿਆਦ ਕੀਤੀ ਹੈ ਕਿ " ਦੇਵ ਕਰਹੁ ਦਇਆ ਮੋਹਿ ਮਾਰਗ ਲਾਵਹੁ। ਜਿਤੁ ਭੈ ਬੰਧਨ ਤੂਟੈ"। ਕੀ ਕਦੀ ਗੁਰੂ ਗ੍ਰੰਥ ਸਾਹਿਬ ਅਗੇ ਸਿਰ ਝੁਕਾਉਣ ਵੇਲੇ ਮਨ ਨੂੰ ਵੀ ਝੁਕਾਇਆ ਹੈ ਆਪਣੇ ਕੀਤੇ ਗੁਨਾਹਾਂ ਨੂ ਕਬੂਲਿਆ ਹੈ? ਕੀ ਕਦੀ ਉਸਦੇ ਅਗੇ ਖੜੋ ਕੇ ਕਿਹਾ ਹੈ "ਹਮਰੈ ਜੀਓ ਹੋਰ ਮੁਖਿ ਹੋਰ ਹੋਤ ਹੈ । ਹਮ ਕਰਮਹੀਣ ਕੂੜਿਆਰਾ।" ਜਾਂ ਫਿਰ ਕਦੀ ਇਹ true confession ਕਿ "ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ"। ਨਹੀਂ ਕਦੀ ਨਹੀਂ। ਯਕੀਨ ਕਰੋ, ਜੇ ਕਦੀ ਅਸੀਂ ਉਸਦੇ ਦਰ ਤੇ ਜਾ ਡਿੱਗੀਏ ਤਾਂ ਵੀ ਉਹ ਗਲੇ ਲਗਾ ਲਵੇਗਾ" ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ"। ਸਾਰੇ ਗੁਨਾਹ ਬਖ਼ਸ਼ ਕੇ ਉਹ ਗਲੇ ਲਗਾ ਲਵੇਗਾ । ਆਤਮਾ ਤੇ ਪਰਮਾਤਮਾ ਦਾ ਮੇਲ ਸੰਭਵ ਹੋ ਜਾਏਗਾ। ਹਉਮੈ ਵਿਚੋਂ ਨਿਕਲ ਕੇ ਮਨ ਵਿਚ ਹਿਰਦੈ ਵਿਚ ਬਿਰਹਾ ਭਰ ਲਵੋ। ਕਦੀ ਬਬੀਹੇ ਵਾਂਗ, ਬਿਲਲਾ ਕੇ, ਬਿਹਬਲ ਹੋ ਕੇ ਪੁਕਾਰ ਕੇ ਵੇਖੋ" ਵਰਸਹੁ ਮੇਘ ਜੀ ਤਿਲੁ ਬਿਲਮੁ ਨ ਲਾਵਹੁ"। ਪੁਕਾਰਨ ਦੀ ਕੋਸ਼ਿਸ਼ ਤਾਂ ਕਰੋ ਮੇਲ ਜ਼ਰੂਰ ਹੋਵੇਗਾ।

ਬਿਰਹਾ ਦਾ ਅਨੁਭਵ ਵਿਰਲੇ ਨੂੰ ਹੀ ਹੁੰਦਾ ਹੈ। ਇਹ ਬਿਰਹਾ ਦਾ ਵੀ ਇਕ ਆਪਣਾ ਹੀ ਸੁਆਦ ਹੁੰਦਾ ਹੈਇਕ ਦਰਦ ਭਰਿਆ ਆਨੰਦ। ਇਸਨੂੰ ਹਰ ਕੋਈ ਨਹੀ ਮਾਣ ਸਕਦਾ। ਜ਼ਰਾ ਵੇਖੋ ਗੁਰਬਾਣੀ ਕਹਿੰਦੀ ਹੈ ਮੈਂ "ਰੋਵੰਦੀ ਸਭ ਜਗ ਰੁੰਨਾ ਰੁੰਨੜੇ ਪੰਖ ਪੰਖੇਰੂ। ਇਕ ਨ ਰੁੰਨਾ ਮੇਰੈ ਮਨ ਕਾ ਬਿਰਹਾ ਜਿਨ ਹਉ ਪਿਰਹੁ ਵਿਛੋੜੀ"। ਸਾਡੇ ਅੰਦਰ ਵਿਛੋੜੇ ਦਾ ਬਿਰਹਾ ਵੀ ਭਰ ਜਾਏ ਤਾਂ ਵੀ ਗਲ ਬਣ ਜਾਏ। ਕਾਸ਼, ਇਹ ਮਨ ਇਕ ਪਲ ਲਈ ਵੀ ਤੜਪ ਕੇ ਉਸਨੂੰ ਪੁਕਾਰੇ" ਕਰਿ ਕਿਰਪਾ ਮੇਲਹੁ ਰਾਮ"। ਤਾਂ ਉਹ ਪਲ ਵੀ ਸਫਲ ਹੋ ਜਾਏਗਾ ਸਾਰੇ ਕਿਰਤ ਕਰਮ ਬਖ਼ਸੇ ਜਾਣਗੇ ਤਾਂ ਫਿਰ ਆਤਮਾ ਤੇ ਪਰਮਾਤਮਾ ਦਾ ਮਿਲਾਪ ਹੋ ਜਾਏਗਾ।

---

# संगीत और गणित

डॉ. सरबजीत सिंह

यह विचार कि संगीत सिखाना गणित कि क्षमता को बढावा देता है। अपने आप में बहुत ही नवीन और रोमांचक विचार है। संगीत से अनभिज्ञ व्यक्ति के लिए संगीत और गणित में भले ही कोई समानताएं नजर न आती हों , परन्तु शास्त्रीय संगीत गणित के कौशल को समान्य से सर्वोत्तम बनाने में एक महत्त्वपूर्ण भूमिका अदा की है।

संगीत और गणित में सम्बन्ध ग्रीक दार्शनिक द्वारा बनाया गया था। पेथागोरस के अनुसार संगीत और गणित एक ही सिक्के के पहलु हैं। शोध के अनुसार इसी विषय में न्युरोसाइंस से हमें यह ज्ञात होता है, कि गणित और संगीत के सम्बन्ध के अतिरिक्त संगीत हमारी अधिगम विकास में भी बहुत महत्वपूर्ण भूमिका निभाता है। संगीत और गणित के तथ्यों में अंतर्संबंध दिखायी पडता है। जैसे अर्थिमेटिक पेट्रन, फार्मूला आदि। संगीत के सिद्धान्तों को समझाने के लिए, प्राचीन समय से ही हमारे आचार्य व पण्डित, गणित का ही सहारा लेते आ रहे हैं। आधुनिक विज्ञान भी पूर्ण रूप से गणित आधारित है। समय के साथ साथ विज्ञान का विकास हुआ है और विज्ञान के साथ गणित का भी उतना ही विकास हुआ है। व्यवहारिक रूप से सप्तक के 7 स्वर, श्रुति शृंखला की 22 श्रुतियां, संवादी स्वर का 13 व 9 श्रुतियां, आवृति व तार की लम्बाई, ताल व ठेके की मात्राओं के हिसाब आदि के आंकड़े – ये सभी प्रसंग संगीत का गणित ही तो हैं। संगीत की आत्मा मूल रूप से ध्वनि है, जो भौतिकविज्ञान का एक अंग है। संगीत के चिंतन में विज्ञान स्वतः आ जाता है। भौतिक विज्ञान पूर्णरूप से गणित आधारित है। इसलिए संगीत का विषय, गणित से अछूता नहीं रह सकता है। इसी तरह संगीत में गायन वादन में व्यवहार कि सुविधा और रंजकता को ध्यान में रखते हुए शास्त्रकारों ने 22 श्रुतियों में से निश्चित अंतर पर सात श्रुतियों को चुना और उन्हें स्वर कि संज्ञा दी गयी, जो 22 श्रुतियों का स्वर विभाजन कहलाता है, लय के प्रकार, विभिन्न मात्राओं कि विभिन्न तालें, रागों का वर्गीकरण , थाटों कि रचना विज्ञानिक और गणित के आधार पर ही है। दक्षिण संगीत पद्दति के विद्वान लेखक पंडित व्यंकटमखी जी ने थाटों कि संख्या निर्धारित करने के लिए गणित का सहारा लिया और पूर्ण रूप से हिसाब लगाकर थाटों कि कुल संख्या 72 बताई। भरत मुनि कि सारणा चतुष्टय जैसी विधि कि ओट में गणित भरा पडा है। मध्यकाल में कुछ लेखकों ने वीणा कि तार की लम्बाई द्वारा स्वरों को स्थापित करने का प्रयास किया था। इनमें से पंडित अहोबल, पंडित ह्रदय नारायण देव का ह्रदय प्रकाश, पंडित श्री निवास का राग तत्त्व विबोध उल्लेखनीय है।

तानपुरे के सहायक नाद मूल नाद से दुगने, तिगुने, चौगुन आदि क्रम से उत्पन्न होतें हैं और मूल नाद कि आंदोलन संख्या को 2,3,4,5 आदि से गुना करने पर ही उनकी आंदोलन संख्या का पता चलता है। वीणा के तार पर श्री निवास जी का प्रयोग गणित और संगीत का सम्बन्ध स्थापित करता है। भारतीय शास्त्रीय संगीत मस्तिष्क को बहुत सारी गणित सम्बन्धी क्रियाओं से रुबुरु कराता है। जिस से हमारा मस्तिष्क अपने आप ही गणित का सहारा लेते हुए संगीत रचनाएँ करने लगता है जैसे गायन, वादन करने पर विभिन्न लयों का प्रयोग करना, तानों का प्रयोग, ताल को ध्यान रखते हुए तिहाइयों के सुन्दर प्रयोग से गायन और वादन को सजाना गणित कि सहायता से ही होता है। संगीत के प्रत्येक कलाकार की प्रस्तुति से पहले, तानपुरा पर अपना आधार स्वर स्थापित करना होता है। इसी आधार पर स्वर को षडज/स या मूल स्वर मानकर, गले द्वारा अन्य स्वरों का सही उच्चारण किया जाता है। इसी मूल स्वर को आधार मानते

हुए अन्य सह कलाकार कार्यक्रम के लिए तैयार तथा एक सूत्र में बंध जाते हैं। इस अवधि के अंतर्गत तानपुरे का स्वर यदि उतर जाये या विचलित पाया जाता है तो उसे दुबारा ठीक किया जाता है। इस समय गायक और वादक इस बात से अनजान होता है कि वह गणित का सहारा ले रहा है। इन्ही तथ्यों को बढावा देने के लिए संगीत शिक्षा प्रतिभाशाली बच्चों व सबके लिए होनी चाहिए। बच्चों में बचपन से ही संगीत शिक्षा एक सफल शिक्षा है जिसे बच्चे आसानी से ग्रहण कर लेते हैं तथा यह बच्चों कि क्षमता को विकसित करता है। आज संगीत ने बहुत से शिष्यों को गणित कौशल को सुधारने की उम्मीद जगाई है, क्योंकि इसका प्रभाव ही मस्तिष्क में गणित कौशल को तेजी से ग्रहण करने कि शक्ति को प्रभावित करता है। बचपन में विधार्थियों को गणित के टेबल याद करने में बहुत ही मुश्किल आती हैं जिसके कारण उसकी याद करने की क्षमता का पूरा विकास नही हो पाता और दिमाग का वह भाग जो मेमोरी को अपने पास इकट्ठा करता है सक्रिय नहीं हो पाता। संगीत के सहारे से इस समस्या को बहुत ही आसानी से सुलझाया जा सका है। अगर वही टेबल गाकर याद कराए जाएँ तो विधार्थी का दिमाग उसे जल्दी ही याद करने के लिए समर्थ हो जाता है। यह भी एक पेटर्न की भांति बन जाता है जैसे कि गणित के फोर्मुला, पेटर्न आदि होतें हैं। इस विधि से दिमाग सुचना को जल्दी ही एकत्रित कर पाने में सक्षम हो जाता है। धीरे–धीरे विधार्थी इस विधि के अभ्यास से परिचित हो जाता है और सक्रिय अवस्था में चला जाता है। इतना ही नहीं गाने से बच्चों में एकरूपता कि भावना का संचार होता है जिससे वह अन्य लोगों से तालमेल बना लेता है। आगे चल कर संगीत कला के द्वारा सीखा गया तालमेल जीवन के हर क्षेत्र में काम आता है जिससे विधार्थी हर परिस्तिथियों से आसानी से निपट सकता है। संगीत कला के प्रभाव से गणित के कौशल में भी सक्रिय हो जाता है। अतः संगीत एक सकारात्मक शक्ति तथा उम्मीद की किरण है, जिसमें गणित के साथ अनूठा सम्बन्ध स्थापित किया है ।

---

# ਪੰਜਾਬ ਦਾ ਅਹਿਮ ਅਵਨੱਧ ਸਾਜ਼ – ਉਖਲੀ ਧਾਮਾਂ

**ਪ੍ਰੋ. ਹਰਭਜਨ ਸਿੰਘ ਧਾਰੀਵਾਲ**
(ਪਖਾਵਜੀ ਲਾਹੌਰ ਬਾਜ ਪੰਜਾਬ ਘਰਾਣਾ)

ਭਾਰਤੀ ਸਭਿਆਚਾਰ ਦੇ ਵਿਕਾਸ ਵਿੱਚ ਸਦੀਆਂ ਤੋਂ ਪੰਜਾਬ ਦੀ ਵੱਡਮੁਲੀ ਦੇਣ ਹੈ। ਪੰਜਾਬ ਵਿੱਚ ਹੀ ਵੇਦਾਂ ਦੀ ਰਚਨਾ ਹੋਈ। ਪੰਜਾਬ ਵਿੱਚ ਹੀ ਸ਼੍ਰੀ ਰਾਮ ਚੰਦਰ ਜੀ ਦੇ ਪੁਤਰਾਂ ਲਵ ਅਤੇ ਕੁਸ਼ ਨੇ ਮਹਾਂਰਿਸ਼ੀ ਵਾਲਮਿਕ ਜੀ ਕੋਲੋਂ ਗਾਇਨ ਵਾਦਨ ਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਮੋਹਨਜੋਦੜੋ ਅਤੇ ਹੱੜਪਾ ਦੀ ਖੁਦਾਈ ਤੋਂ ਪ੍ਰਾਪਤ ਹੋਈਆਂ ਮੂਰਤੀਆਂ, ਸੰਗੀਤਕ ਸਾਜ਼ ਅਤੇ ਬਰਤਨ ਆਦਿ ਪੰਜਾਬ ਦੇ ਅਮੀਰ ਸਭਿਆਚਾਰ ਵਿਰਸੇ ਦੀ ਗਵਾਹੀ ਭਰਦੀਆਂ ਹਨ। ਪੰਜਾਬ ਗੁਰੂਆਂ, ਪੀਰਾਂ, ਫਕੀਰਾਂ, ਕਵੀਆਂ ਦਰਵੇਸ਼ਾਂ ਦੀ ਧਰਤੀ ਹੋਣ ਕਰਕੇ ਕਲਾ ਦੇ ਹਰੇਕ ਪੱਖ ਤੋਂ ਮੋਹਰੀ ਰਿਹਾ ਹੈ।

ਪੰਜਾਬ ਦੇ ਲੋਕ ਸਾਜ਼ਾਂ, ਰਬਾਬ, ਸਿਰੰਦਾ, ਸਰੰਗੀ, ਢੱਡ, ਚਿਮਟਾ, ਅਲਗੋਜ਼ੇ, ਕਿੰਗ, ਦੋਤਾਰਾ, ਢੋਲ, ਢੋਲਕੀ, ਘੜਾ, ਬੁਗਚੂ ਅਤੇ ਦੁੱਕੜ ਆਦਿ ਸਾਜ਼ਾਂ ਦਾ ਆਪੋ ਆਪਣੀ ਵਿਸ਼ੇਸ਼ਤਾ ਕਰਕੇ ਸਭਿਆਚਾਰ ਦੇ ਵਿਕਾਸ ਵਿੱਚ ਵਧੇਰਾ ਯੋਗਦਾਨ ਰਿਹਾ ਹੈ। ਇਨ੍ਹਾਂ ਸਾਜ਼ਾਂ ਦਾ ਪ੍ਰਯੋਗ ਸਿਧੇ ਤੋਰ ਤੇ ਲੋਕ ਗਾਇਕੀ ਦੀਆਂ ਵੱਖ ਵੱਖ

ਵੰਨਗੀਆਂ ਨਾਲ ਸਾਥ ਸੰਗਤ ਵਜੋਂ ਕੀਤਾ ਜਾਂਦਾ ਸੀ। ਇਨ੍ਹਾਂ ਵਿਚੋਂ ਦੁੱਕੜ ਸਾਜ਼ ਜੋ ਅਜੋਕੇ ਸਮੇਂ ਅਲੋਪ ਹੋ ਚੁਕਾ ਹੈ। 'ਦੁੱਕੜ' ਦੋ ਨਗਾ ਅਵਨੱਧ ਤਾਲ ਸਾਜ਼ ਹੁੰਦਾ ਸੀ। ਜਿਸ ਦੇ ਉਪਰ ਚਮੜਾ ਮੜ੍ਹਿਆ ਹੁੰਦਾ ਸੀ। ਕਲਾਕਾਰਾਂ ਵਲੋਂ ਇਨ੍ਹਾਂ ਨੂੰ ਛਟੀਆਂ/ਹੱਥਾਂ ਨਾਲ ਵਜਾਇਆ ਜਾਂਦਾ ਸੀ। ਦੁੱਕੜ ਵਜਾਉਣ ਵਾਲੇ ਕਲਾਕਾਰ ਨੂੰ ਦੁੱਕੜ-ਬਾਜ਼ ਕਿਹਾ ਜਾਂਦਾ ਸੀ। ਪੰਜਾਬ ਵਿੱਚ ਦੁੱਕੜ ਬਾਜ਼ ਜ਼ਿਆਦਾ ਤਰ ਢਾਡੀ ਮੁਸਲਮਾਨ ਜਾਤੀ ਦੇ ਲੋਕ ਹੁੰਦੇ ਸਨ।

'ਦੁੱਕੜ' ਸਾਜ਼ ਦਾ ਵਿਕਸਿਤ ਅਤੇ ਸੁਧਰਿਆ ਰੂਪ 'ਉੱਖਲੀ ਧਾਮਾਂ' ਦੇ ਨਾਮ ਨਾਲ ਜਾਣਿਆ ਜਾਣ ਲਗਾ। 'ਉਖਲੀ' ਇਕ ਲੱਕੜ ਜਾਂ ਪੱਥਰ ਦਾ ਬਣਿਆ ਭਾਂਡਾ ਹੁੰਦਾ ਸੀ, ਜਿਸ ਵਿੱਚ ਕਣਕ, ਜੌਂਅ, ਝੋਨੇ ਆਦਿ ਨੂੰ ਮੋਲੇ ਨਾਲ ਛਟਿਆ ਜਾਂਦਾ ਸੀ। ਇਨ੍ਹਾਂ ਦਾ ਅਕਾਰ ਲੋੜ ਮੁਤਾਬਿਕ ਵੱਡਾ ਛੋਟਾ ਹੁੰਦਾ ਸੀ। ਸਿਲੰਡਰੀਕਲ ਅਕਾਰ ਦਾ ਅੰਦਰੋਂ ਖੋਖਲਾ ਲੱਕੜ ਦਾ ਭਾਂਡਾ ਜੋ ਥੱਲੋਂ ਬੰਦ ਅਤੇ ਉਪਰੋਂ ਖੁੱਲਾ ਹੁੰਦਾ ਸੀ।



ਪੰਜਾਬ ਵਿੱਚ 18 ਸਦੀ ਵਿੱਚ ਹੀ ਦੁੱਕੜ ਸਾਜ਼ ਦੇ ਦੋ ਨਗੇ ਸਾਜ਼ ਦੀ ਤਰਜ ਤੇ ਇਕ ਨਵਾਂ ਸਾਜ਼ ਹੋਂਦ ਵਿੱਚ ਆਇਆ। ਇਕ ਨਗ ਨੂੰ ਉਖਲੀ ਕਿਹਾ ਜਾਣ ਲਗਾ ਤੇ ਦੂਜੇ ਨਗ ਨੂੰ ਧਾਮਾਂ ਕਿਹਾ ਜਾਣ ਲਗਾ। ਲਾਲਾ ਭਵਾਨੀ ਦਾਸ ਪਖਾਵਜੀ ਨੇ 18ਵੀਂ ਸਦੀ ਵਿੱਚ ਦੁੱਕੜ ਸਾਜ਼ ਦੇ ਇਕ ਨਗ ਤੇ ਪਖਾਵਜ ਵਾਂਗ ਸਿਆਹੀ ਅਤੇ ਦੂਜੇ ਨਗ ਤੇ ਪਖਾਵਜ ਵਾਂਗ ਆਟਾ ਲਗਾ ਕੇ ਪਖਾਵਜ ਸ਼ੈਲੀ ਨਾਲ ਵਜਾ ਕੇ ਇਕ ਨਵੇਂ ਸਾਜ਼ ਨੂੰ ਜਨਮ ਦਿੱਤਾ ਜੋ ਉਖਲੀ ਧਾਮਾਂ ਦੇ ਨਾਮ ਨਾਲ ਪੰਜਾਬ ਦਾ ਹਰਮਨ ਪਿਆਰਾ ਸਾਜ਼ ਹੋ ਗਿਆ। ਉਖਲੀ ਭਾਵ ਸਿਆਹੀ ਵਾਲੇ ਨਗ ਵਿੱਚ ਪਖਾਵਜ ਵਾਂਗ ਲਕੜ ਦੇ ਗਟਿਆਂ ਦਾ ਪ੍ਰਯੋਗ 'ਸਵਰ' ਦੇ ਉਤਾਰ-ਚੜਾਅ ਲਈ ਕੀਤਾ ਜਾਣ ਲਗਾ ਅਤੇ ਧਾਮੇਂ ਵਾਲੇ ਨਗ ਤੇ ਲੋੜ ਮੁਤਾਬਿਕ ਘੱਟ-ਵੱਧ ਆਟਾ ਲਗਾ ਕੇ ਸਵਰ ਕਰ ਲਿਆ ਜਾਂਦਾ ਸੀ। ਉਖਲੀ ਧਾਮਾਂ ਸਾਜ਼ ਪਖਾਵਜ ਸ਼ੈਲੀ ਅਨੁਸਾਰ ਵਜਾਇਆ ਜਾਂਦਾ ਸੀ। ਜਿਸ ਦਾ ਪ੍ਰਯੋਗ ਧ੍ਰੁਵਪਦ ਧਮਾਰ ਸ਼ੈਲੀ ਨਾਲ ਕੀਤਾ ਜਾਂਦਾ ਸੀ। 18ਵੀਂ ਸਦੀ ਤੋਂ ਹੀ ਗੁਰੂ ਘਰ ਦੇ ਰਬਾਬੀ/ਸਿੱਖ ਕੀਰਤਨੀਆਂ ਵਲੋਂ ਗੁਰਬਾਣੀ ਕੀਰਤਨ ਦੇ ਸਾਥ ਕਰਨਾ ਸ਼ੁਰੂ ਹੋ ਗਿਆ। ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਡੇਰਾ ਸਾਹਿਬ ਲਾਹੌਰ ਅਤੇ ਨਨਕਾਣਾ ਸਾਹਿਬ ਆਦਿ ਵਿਖੇ ਗੁਰੂ ਘਰ ਦੇ ਰਬਾਬੀਆਂ/ਗੁਰ ਸਿਖਾਂ ਵਲੋਂ ਕੀਰਤਨ ਚੋਂਕੀਆਂ ਨਾਲ ਉੱਖਲੀ ਧਾਮਾਂ ਸਾਜ਼ ਦਾ ਪ੍ਰਯੋਗ ਹੁੰਦਾ ਰਿਹਾ। ਗੁਰੂ ਘਰ ਦੇ ਕੀਰਤਨੀਆਂ ਵਲੋਂ ਇਸ ਉਖਲੀ ਧਾਮਾਂ ਸਾਜ਼ ਨੂੰ 'ਜੋੜੀ' ਕਿਹਾ ਜਾਂਦਾ ਸੀ। ਪੰਜਾਬ ਘਰਾਣੇ ਦੀ ਲਾਹੌਰ ਬਾਜ਼ ਦੀ ਪਰੰਪਰਾ ਵਿਚ ਇਸ ਦੋ ਨਗੇ ਸਾਜ਼ ਨੂੰ ਉਖਲੀ ਧਾਮਾਂ ਕਹਿਣ ਦਾ ਰਿਵਾਜ਼ ਸੀ। ਮੇਰੇ ਪੂਜਨੀਕ ਸੰਗੀਤ ਗੁਰੂ ਜੀ ਉਸਤਾਦ ਲਛਮਨ ਸਿੰਘ ਸੀਨ ਜੀ ਜੋ ਮੀਆਂ ਕਾਦਿਰ ਬਖ਼ਸ਼ ਸਵਾ ਲੱਖ ਉਖਲੀ ਵਾਲੇ ਦੇ ਸ਼ਾਗਿਰਦ ਹਨ ਦੇ ਮੁਤਾਬਿਕ ਉਸਤਾਦ ਮੀਆਂ ਕਾਦਿਰ ਬਖ਼ਸ਼ ਜੀ ਉਖਲੀ ਧਾਮਾਂ ਨੂੰ 'ਜੋੜੀ' ਕਹਿਣ ਤੇ ਖਫ਼ਾ ਹੋ ਜਾਂਦੇ ਸਨ।

ਪੰਜਾਬ ਦੇ ਸਾਰੇ ਪਖਾਵਜੀ - ਲਾਲਾ ਭਵਾਨੀ ਦਾਸ ਪਖਾਵਜੀ, ਖ਼ਲੀਫ਼ਾ ਅਖ਼ਤਰ ਹੁਸੈਨ ਪਖਾਵਜੀ, ਮੀਆਂ ਸੱਦੂ ਖਾਂ ਪਖਾਵਜੀ, ਮੀਆਂ ਕੱਲੂ ਖਾਂ ਪਖਾਵਜੀ, ਮੀਆਂ ਗਾਮੀ ਖਾਂ ਪਖਾਵਜੀ, ਬਾਬਾ ਮੁਖਤਾਰ ਪਖਾਵਜੀ, ਬਾਬਾ ਕਾਦਿਰ ਬਖ਼ਸ਼ ਪਖਾਵਜੀ, ਬਾਬਾ ਹੁਸੈਨ ਬਖ਼ਸ਼ ਪਖਾਵਜੀ, ਮੀਆਂ ਫ਼ਕੀਰ ਬਖ਼ਸ਼ ਪਖਾਵਜੀ, ਬਾਬਾ ਫ਼ਤਹਿ ਦੀਨ ਪਖਾਵਜੀ, ਬਾਬਾ ਮਲੰਗ ਖਾਂ ਪਖਾਵਜੀ, ਮੀਆਂ ਕਾਦਿਰ ਬਖ਼ਸ਼ ਪਖਾਵਜੀ ਸਵਾ ਲੱਖ ਉਖਲੀ ਵਾਲੇ, ਮੀਆਂ

ਤਾਲਿਬ ਹੁਸੈਨ, ਬਾਬਾ ਅਨਾਇਤ ਖਾਂ, ਉਸਤਾਦ ਅੱਲਾ ਲੋਕ ਪਖਾਵਜੀ ਆਦਿ ਉਖਲੀ ਧਾਮਾਂ ਸਾਜ਼ ਨੂੰ ਬਾਖੂਬੀ ਨਾਲ ਵਜਾਉਂਦੇ ਸਨ।

ਸਿੱਖ ਧਰਮ ਦੀ ਮਹਾਨ ਗੁਰਬਾਣੀ ਕੀਰਤਨ ਪਰੰਪਰਾ ਵਿਚ ਵੀ ਮਹਾਨ ਗੁਰਸਿੱਖ/ਰਬਾਬੀ ਪਖਾਵਜੀ ਹੋਏ ਹਨ ਜੋ ਉਖਲੀ ਧਾਮਾਂ ਸਾਜ਼ ਨੂੰ ਬਾਖੂਬੀ ਨਾਲ ਵਜਾਉਂਦੇ ਸਨ। ਭਾਈ ਭੂਪ ਸਿੰਘ, ਭਾਈ ਗੁਰਦਿਤ ਸਿੰਘ, ਭਾਈ ਹਰਨਾਮ ਸਿੰਘ ਜੰਮੂ ਵਾਲੇ, ਭਾਈ ਸੰਤੂ, ਭਾਈ ਨਸੀਰ ਅਹਿਮਦ, ਭਾਈ ਮਹੰਦਾ, ਭਾਈ ਹਰਨਾਮ ਸਿੰਘ ਠੱਠੇ ਟਿੱਬੇ ਵਾਲੇ, ਭਾਈ ਅਰਜਨ ਸਿੰਘ ਤਰੰਗੜ ਆਦਿ ਧੁਨੰਤਰ ਪਖਾਵਜੀ ਹੋਏ ਹਨ ਜੋ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਧਰੁਵਪੱਦ ਸ਼ੈਲੀ ਦੇ ਕੀਰਤਨ ਨਾਲ ਬਾ-ਕਮਾਲ ਸੰਗਤ ਕਰਦੇ ਸਨ।

ਨਾਮਧਾਰੀ ਸੰਪ੍ਰਦਾ ਵਿਚ ਵੀ ਬਾਬਾ ਨਿਹਾਲ ਸਿੰਘ ਅਤੇ ਬਾਬਾ ਬੀਰ ਸਿੰਘ ਵਲੋਂ ਇਸ ਉਖਲੀ ਧਾਮਾਂ ਸਾਜ਼ ਦੀ ਸੰਭਾਲ ਅਤੇ ਪ੍ਰਚਾਰਨ ਦੇ ਯੋਗਦਾਨ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਨਾਮਧਾਰੀ ਉਸਤਾਦ ਸੁਖਵਿੰਦਰ ਸਿੰਘ ਪਿੰਕੀ ਵਲੋਂ ਇਸ ਸਾਜ਼ ਦੀ ਰਿਵਾਇਤ ਨੂੰ ਅਗੇ ਤੋਰਿਆ ਜਾ ਰਿਹਾ ਹੈ। ਅੰਬਰਸਰੀ ਬਾਜ਼ ਦੇ ਉਸਤਾਦ ਭਾਈ ਬਲਦੀਪ ਸਿੰਘ ਜੀ ਆਪਣੇ ਬਾਜ਼ ਦਾ ਅਮੀਰ ਵਿਰਸਾ ਸੰਭਾਲੀ ਬੈਠੇ ਹਨ। ਨਾਨਕਸਰ ਠਾਠ ਸੰਪਰਦਾ ਵਿਚ ਵੀ ਕੀਰਤਨ ਦਾ ਸਾਥ ਉਖਲੀ ਧਾਮਾਂ ਸਾਜ਼ ਨਾਲ ਕੀਤਾ ਜਾਂਦਾ ਹੈ। ਸੂਫ਼ੀ ਗਾਇਨ ਸ਼ੈਲੀ ਦੀ ਕਵਾਲੀ ਨਾਲ ਵੀ ਉਖਲੀ ਧਾਮਾਂ ਸਾਜ਼ ਦੀ ਹੀ ਸੰਗਤ ਕੀਤੀ ਜਾਂਦੀ ਹੈ। ਪ੍ਰੋ. ਹਰਭਜਨ ਸਿੰਘ ਧਾਰੀਵਾਲ ਵੀ ਪਖਾਵਜ ਅਤੇ ਉਖਲੀ ਧਾਮਾਂ ਸਾਜ਼ ਦੇ ਲਾਹੌਰ ਬਾਜ਼ ਪੰਜਾਬ ਘਰਾਣੇ ਦੇ ਸਿਲਸਿਲੇ ਦੀ ਸੰਭਾਲ ਤੇ ਪ੍ਰਚਾਰ ਕਰ ਰਹੇ ਹਨ। ਪੰਜਾਬ ਦੇ ਅਲੋਪ ਹੋ ਰਹੇ ਇਸ ਸਾਜ਼ ਦੀ ਰਿਵਾਇਤ ਨੂੰ ਸੰਭਾਲਣ ਦੀ ਲੋੜ ਹੈ ।

#340, ਸੰਗੀਤ ਵਿਲਾਸ, ਬੇਦੀ ਕਲੋਨੀ
ਧਾਰੀਵਾਲ -143519, ਜ਼ਿਲ੍ਹਾ-ਗੁਰਦਾਸਪੁਰ (ਪੰਜਾਬ)
ਫੋਨ : +91-98143 49658
Mail – harbhajansinghdhariwal@gmail.com

---

## ਸਾਵਣਿ

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥
ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥

## ENGLISH TRANSLATION

In the month of Saawan, the soul-bride is happy, if she falls in love with the Lotus Feet of the Lord. Her mind and body are imbued with the Love of the True One; His Name is her only Support. The pleasures of corruption are false. All that is seen shall turn to ashes. The drops of the Lord's Nectar are so beautiful! Meeting the Holy Saint, we drink these in. The forests and the meadows are rejuvenated and refreshed with the Love of God, the All-powerful, Infinite Primal Being. My mind yearns to meet the Lord. If only He would show His Mercy, and unite me with Himself! Those brides who have obtained God-I am forever a sacrifice to them. O Nanak, when the Dear Lord shows kindness, He adorns His bride with the Word of His Shabad. Saawan is delightful for those happy soul-brides whose hearts are adorned with the Necklace of the Lord's Name. ||6||

*(SGGS Page 134)*

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥੯॥

## ENGLISH TRANSLATION

In Saawan, be happy, O my mind. The rainy season has come, and the clouds have burst into showers. My mind and body are pleased by my Lord, but my Beloved has gone away. My Beloved has not come home, and I am dying of the sorrow of separation. The lightning flashes, and I am scared. My bed is lonely, and I am suffering in agony. I am dying in pain, O my mother! Tell me - without the Lord, how can I sleep, or feel hungry? My clothes give no comfort to my body. O Nanak, she alone is a happy soul-bride, who merges in the Being of her Beloved Husband Lord. ||9||

*(SGGS Page 1108)*

# ਰਾਗ ਜੈਤਸਰੀ (ਝੱਪ ਤਾਲ)
## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: [http://www.gurbaniraags.com](http://www.gurbaniraags.com)

ਰਾਗ ਬਿਹਾਗ ਜੇ ਪੂਰਵੀ ਠਾਠ ਦੀਆਂ ਸੁਰਾਂ ਵਿੱਚ ਗਾਇਆ ਜਾਵੇ ਤਾਂ ਜੈਤਸਰੀ ਦੇ ਨੇੜੇ ਹੋ ਢੁਕਦਾ ਹੈ। ਜੈਤਸਰੀ ਦੇ ਆਰੋਹ ਵਿੱਚ ਰਿਖਬ, ਧੈਵਤ, ਵਰਜਤ ਅਤੇ ਇਸ ਦਾ ਵਾਦ ਸੰਵਾਦ ਗ – ਧ ਜਾਂ ਪ – ਸ ਦਾ ਹੈ। ਇਸ ਵਿੱਚ ਰਿਖਬ – ਧੈਵਤ ਕੋਮਲ, ਮੱਧਯਮ ਤੀਵਰ ਅਤੇ ਗੰਧਾਰ, ਨਿਖਾਦ ਸ਼ੁੱਧ ਹਨ। ਇਸ ਸੰਪੂਰਨ ਅਵਰੋਹ ਦੇ ਰਾਗ ਦੇ ਗਾਉਣ ਦਾ ਸਮਾਂ ਸ਼ਾਮ ਦਾ ਹੈ। ਜਿਵੇਂ ਇਸ ਰਾਗ ਦੇ ਨਾਮ ਤੋਂ ਸਪਸ਼ਟ ਹੈ ਇਹ ਇੱਕ ਜੋੜ ਰਾਗ ਹੈ ਜੋ ਰਾਗ ਜੈਤ ਅਤੇ ਸ੍ਰੀ ਰਾਗ ਦੇ ਮੇਲ ਨਾਲ ਹੋਂਦ ਵਿੱਚ ਆਇਆ ਹੈ, ਦੇਖੋ :

ਸ ਗ ਪ – ਪ ਗ ਰੁ ਸ, ਗ ਪ ਸਂ ਪ – (ਜੈਤ) ਅਤੇ ਪ ਧੁ ਪ ਸਂ ਰੁਂ ਸਂ, ਸਂ ਰਂ ਨ ਧੁ ਨ ਧੁ ਪ – (ਸ੍ਰੀ)। ਇਸ ਤਰਾਂ ਜੈਤਸਰੀ ਦਾ ਸੰਗਮ ਹੋਇਆ ਹੈ।

**ਆਰੋਹ**: ਨ਼ ਸ ਗ ਮ' ਪ ਨ ਸਂ

**ਅਵਰੋਹ**: ਸਂ ਨ ਧੁ ਪ ਮ' ਗ ਰੁ ਸ

**ਮੁੱਖ ਅੰਗ**: ਨ਼ ਸ, ਗ ਪ, ਮ' ਧੁ ਪ, ਮ' ਗ, ਧੁ ਪ ਮ' ਗ, ਮ' ਗ ਰੁ ਸ।

**ਚਾਲ**: ਨ਼ ਸ ਗ – ਗ ਰੁ ਸ, ਸ ਨ਼ ਧੁ਼ ਪ਼ – ਨ਼ ਸ, ਧੁ਼ ਪ਼ – ਪ਼ ਨ਼ – ਸ, ਸ ਰੁ ਨ਼ ਸ ਰੁ ਸ ਗ – ਗ ਰੁ ਸ, ਸ ਗ ਪ – ਮ' ਪ – ਮ' ਪ ਮ' ਗ ਮ' ਪ – ਪ ਮ' ਗ ਰੁ ਸ, ਸ ਗ ਮ' ਗ ਪ ਮ' ਗ – ਮ' ਗ ਰੁ ਸ, ਸ ਗ ਪ – ਮ' ਪ ਨ ਸਂ, ਸਂ ਰੁਂ ਨ ਧੁ ਪ ਨ ਸਂ, ਰੁਂ ਨ ਧੁ ਪ – ਮ' ਪ ਧੁ ਪ ਨ – ਸਂ, ਸਂ ਗਂ ਰੁਂ ਸਂ, ਸਂ ਨ ਧੁ ਪ, ਮ' ਗ ਮ' ਪ – ਮ' ਗ ਰੁ ਸ – ਨ਼ ਧੁ਼ ਪ਼ ਨ਼ ਸ।

### ਅਸਥਾਈ

| | | | | | | | | | |
|---|---|---|---|---|---|---|---|---|---|
| ਪ | ਮ' | ਗ | – | ਮ' | ਗ | ਰੁ | ਸ | – | – |
| ਦੇ | ऽ | ਹੁ | ऽ | ਸੈ | ਦੇ | ਸ | ਰੋ | ऽ | ऽ |

| | | | | | | | | | |
|---|---|---|---|---|---|---|---|---|---|
| ਨ਼ | ਸਸ | ਗ | – | ਮ॑ਮ॑ | ਗ | ਰੁਰੁ | ਸ | – | – |
| ਕ | ਹੀਅ | ਉ | ऽ | ਪ੍ਰਿਅ | ਕ | ਹੀਅ | ਉ | ऽ | ऽ |
| ਨ਼ | ਸ | ਗ | – | ਗ | ਮ॑ | ਮ॑ | ਗ | – | – |
| ਬਿ | ਸ | ਮ | – | ਭ | ਈ | ऽ | ਮੈ | ऽ | ऽ |
| ਪ | ਪ | ਮ॑ | ਧੁ | ਮ॑ | ਗ | ਮ॑ | ਗ | – | – |
| ਬ | ਹੁ | ਬਿ | ऽ | ਧ | ਸੁ | ਨ | ਤੇ | ऽ | ऽ |
| ਮ॑ | ਪਪ | ਨ | – | ਪਨ | ਧੁ | – | ਪ | – | ਪ |
| ਕ | ਹਹੁ | ऽ | ऽ | ਸੁऽ | ਹਾ | ऽ | ਗ | ऽ | ਨ |
| ਮ॑ | ਧੁਧੁ | ਮ॑ | ਗ | ਗਮ॑ | ਗ | ਰੁਰੁ | ਰੁ | ਸ | – |
| ਸ | ਹੀਅ | ਉ | ऽ | ਪ੍ਰਿਅ | ਕ | ਹੀऽ | ਉ | ऽ | ऽ |
| x | | ੨ | | | ० | | ੩ | | |

## ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਮ॑ | ਗ | ਮ॑ | ਪ | ਨ | – | ਨ | – | ਨ |
| ਕੋ | ऽ | ਕ | ਹ | ऽ | ਤੋ | ऽ | ਸ | ऽ | ਭ |
| ਸੰ | – | ਸੰ | – | ਸੰ | ਰੁੰ | – | ਸੰ | – | ਸੰ |
| ਬਾ | ऽ | ਹ | ऽ | ਰ | ਬਾ | ऽ | ਹ | ऽ | ਰ |
| ਸੰ | ਨ | ਧੁ | ਪ | – | ਮ॑ | ਧੁ | ਮ॑ | ਗ | ਗ |
| ਕੋ | ऽ | ਕ | ਹ | ऽ | ਤੋ | ऽ | ਸ | ऽ | ਭ |
| ਪ | ਮ॑ਮ॑ | ਗ | – | ਮ॑ਮ॑ | ਗ | ਰੁਰੁ | ਸ | – | – |
| ਮ | ਹੀਅ | ਉ | ऽ | ਪ੍ਰਿਅ | ਕ | ਹੀਅ | ਉ | ऽ | ऽ |
| x | | ੨ | | | ० | | ੩ | | |

---

**(ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ ਲਈ ਵੇਖੋ ਟਾਈਟਲ ਪੰਨਾ 3)**

## ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਜੈਤਸਰੀ ਮਹਲਾ ੫ ਘਰੁ ੩ ਦੁਪਦੇ
ੴ ਸਤਿਗੁਰ ਪ੍ਰਸਾਦਿ ॥

ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ ॥
ਬਿਸਮੁ ਭਇਓ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ ॥੧॥ ਰਹਾਉ ॥
ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ ॥
ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥੧॥
ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥
ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥੨॥੧॥੨॥

ENGLISH TRANSLATION:

Jaitsree, Fifth Mehl, Third House, Du-Padas:
One Universal Creator God. By The Grace Of The True Guru:

Give me a message from my Beloved - tell me, tell me! I am wonder-struck, hearing the many reports of Him; tell them to me, O my happy sister soul-brides. ||1||Pause|| Some say that He is beyond the world - totally beyond it, while others say that He is totally within it. His color cannot be seen, and His pattern cannot be discerned. O happy soul-brides, tell me the truth! ||1|| He is pervading everywhere, and He dwells in each and every heart; He is not stained - He is unstained. Says Nanak, listen, O people: He dwells upon the tongues of the Saints. ||2||1||2||

*(SGGS Page: 700)*

RNI Regd. No.46788/89 ISSN 0972-2335

